Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 17 * Issue 245
Daily Newspaper Thursday, December 20, 2018
Tel: 905-793-2202 Fax: 905-793-2282 news@punjabipost.ca



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


# ਪਹਿਲੀਆਂ ਗ੍ਰਿਫਤਾਰੀਆਂ ਤੋਂ ਵੱਖ ਹੈ ਤੀਜੇ ਕੈਨੇਡੀਅਨ ਨੂੰ ਚੀਨ ਵਿਚ ਨਜ਼ਰਬੰਦ ਕਰਨ ਦਾ ਮਾਮਲਾ : ਟਰੂਡੋ



ਓਟਵਾ, 19 ਦਸੰਬਰ (ਪੋਸਟ ਬਿਊਰੋ) : ਚੀਨ ਵਿਚ ਪਿੱਛੇ ਜਿਹੇ ਨਜ਼ਰਬੰਦ ਕੀਤੇ ਗਏ ਤੀਜੇ ਕੈਨੇਡੀਅਨ ਦਾ ਮਾਮਲਾ ਪਹਿਲਾਂ ਚੀਨ ਵਿੱਚ ਗ੍ਰਿਫਤਾਰ ਕੀਤੇ ਗਏ ਦੋ ਕੈਨੇਡੀਅਨਾਂ ਨਾਲ ਸਬੰਧਤ ਨਹੀਂ ਲੱਗਦਾ। ਇਹ ਵਿਚਾਰ ਪ੍ਰਧਾਨ ਮੰਤਰੀ ਟਰੂਡੋ ਨੇ ਅੱਜ ਪ੍ਰਗਟਾਏ।

ਗਲੋਬਲ ਅਫੇਅਰਜ਼ ਕੈਨੇਡਾ ਦੇ ਅਧਿਕਾਰੀਆਂ ਵੱਲੋਂ ਤੀਜੇ ਕੈਨੇਡੀਅਨ ਨੂੰ ਚੀਨੀ ਅਧਿਕਾਰੀਆਂ ਵੱਲੋਂ ਗ੍ਰਿਫਤਾਰ ਕੀਤੇ ਜਾਣ ਦੀ ਪੁਸ਼ਟੀ ਕੀਤੇ ਜਾਣ ਮਗਰੋਂ ਟਰੂਡੋ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਉਕਤ ਗੱਲ ਆਖੀ। ਟਰੂਡੋ ਨੇ ਫਰੈਂਚ ਵਿੱਚ ਆਖਿਆ ਕਿ ਗ੍ਰਿਫਤਾਰ ਕੀਤੇ ਗਏ ਦੋ ਹੋਰਨਾਂ ਕੈਨੇਡੀਅਨਾਂ ਉੱਤੇ ਗੰਭੀਰ ਜੁਰਮ ਕਰਨ, ਕੌਮੀ ਸਕਿਊਰਿਟੀ ਤੇ ਖੁਫੀਆ ਤੰਤਰ ਨੂੰ ਖਤਰਾ ਖੜ੍ਹਾ ਕਰਨ ਤੇ ਹੋਰ ਗੰਭੀਰ ਇਲਜ਼ਾਮ ਹਨ। ਪਰ ਇਹ ਮਾਮਲਾ ਉਹੋ ਜਿਹਾ ਨਹੀਂ ਹੈ। ਅਸੀਂ ਮਾਮਲੇ ਦੀ ਜਾਂਚ ਕਰ ਰਹੇ ਹਾਂ।

ਟਰੂਡੋ ਨੇ ਆਖਿਆ ਕਿ ਅਜੇ ਸਾਨੂੰ ਇਸ ਗੱਲ ਦੇ ਕੁੱਝ ਕੁ ਸੰਕੇਤ ਹੀ ਮਿਲੇ ਹਨ ਕਿ ਇਹ ਮਾਮਲਾ ਚੀਨ ਦੀ ਕੌਮੀ ਸੁਰੱਖਿਆ ਨਾਲ ਜੁੜਿਆ ਹੋਇਆ ਨਹੀਂ ਹੈ। ਦੋਵੇਂ ਤਰ੍ਹਾਂ ਦੇ ਹਾਲਾਤ ਵਿੱਚ ਬਹੁਤ ਫਰਕ ਹੈ। ਇਹ ਮਾਮਲਾ ਵੀਜ਼ਾ ਵਿੱਚ ਕਿਸੇ ਤਰ੍ਹਾਂ ਦੀ ਸਮੱਸਿਆ ਜਾਂ ਇਸ ਤਰ੍ਹਾਂ ਦਾ ਹੀ ਕੋਈ ਹੋਰ ਮਾਮਲਾ ਹੈ।

ਗਲੋਬਲ ਅਫੇਅਰਜ਼ ਕੈਨੇਡਾ ਨੇ ਆਖਿਆ ਕਿ ਉਨ੍ਹਾਂ ਵੱਲੋਂ ਪਰਿਵਾਰ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ ਪਰ ਇਸ ਸਬੰਧ ਵਿੱਚ ਕੋਈ ਹੋਰ ਵੇਰਵੇ ਸਾਂਝੇ ਕਰਨ ਤੋਂ ਇਨਕਾਰ ਕੀਤਾ ਗਿਆ। ਪ੍ਰਧਾਨ ਮੰਤਰੀ ਆਫਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਇਸ ਵਾਰੀ ਇੱਕ ਮਹਿਲਾ ਨੂੰ ਨਜ਼ਰਬੰਦ ਕੀਤਾ ਗਿਆ ਹੈ ਤੇ ਉਹ ਅਲਬਰਟਾ ਤੋਂ ਹੈ। ਇੱਕ ਹੋਰ ਖਬਰ ਮੁਤਾਬਕ ਉਹ ਚੀਨ ਵਿੱਚ ਪੜ੍ਹਾ ਰਹੀ ਸੀ ਜਦੋਂ ਉਸ ਨੂੰ ਨਜ਼ਰਬੰਦ ਕੀਤਾ ਗਿਆ।

## ਅੰਦਰ ਪੜ੍ਹੋ

ਡਾਊਨਟਾਊਨ ਵਿੱਚ ਚੱਲੀ ਗੋਲੀ, ਪੁਰਸ਼ ਹਲਾਕ, ਮਹਿਲਾ ਜ਼ਖ਼ਮੀ



ਪੰਨਾ 3

ਮੋਗਾ ਦਾ ਡਿਪਟੀ ਕਮਿਸ਼ਨਰ ਪੰਚਾਇਤੀ ਚੋਣਾਂ ਦੌਰਾਨ ਪੱਖਪਾਤ ਦੇ ਦੋਸ਼ ਹੇਠ ਬਦਲਿਆ ਗਿਆ



ਪੰਨਾ 4

## ਮੋਹਿੰਦਰ ਪ੍ਰਤਾਪ ਸਿੰਘ ਮੰਗੋਲੀਆ ਵਿੱਚ ਭਾਰਤ ਦੇ ਅੰਬੈਸਡਰ ਨਿਯੁਕਤ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ) : ਵਿਦੇਸ਼ ਮੰਤਰਾਲੇ ਵੱਲੋਂ ਬੁੱਧਵਾਰ ਨੂੰ ਮੋਹਿੰਦਰ ਪ੍ਰਤਾਪ ਸਿੰਘ ਨੂੰ ਮੰਗੋਲੀਆ ਵਿੱਚ ਭਾਰਤ ਦਾ ਅਗਲਾ ਅੰਬੈਸਡਰ ਨਿਯੁਕਤ ਕੀਤਾ ਗਿਆ ਹੈ। ਇਸ ਸਮੇਂ ਮੋਹਿੰਦਰ ਪ੍ਰਤਾਪ ਸਿੰਘ ਮੰਤਰਾਲੇ ਦੇ ਹੈੱਡਕੁਆਰਟਰ ਵਿੱਚ ਡਾਇਰੈਕਟਰ ਹਨ। ਮੰਤਰਾਲੇ ਵੱਲੋਂ ਜਾਰੀ ਬਿਆਨ ਅਨੁਸਾਰ ਮੋਹਿੰਦਰ ਪ੍ਰਤਾਪ ਸਿੰਘ ਜਲਦ ਹੀ ਆਪਣਾ ਅਹੁਦਾ ਸਾਂਭ ਲੈਣਗੇ।

## ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਦੇ ਮਾਮਲੇ ਵਿੱਚ ਕੈਨੇਡੀਅਨ ਨੌਜਵਾਨ ਨੂੰ ਮਿਲੀ 40 ਸਾਲ ਦੀ ਸਜ਼ਾ



ਨਿਊ ਯੌਰਕ, 19 ਦਸੰਬਰ (ਪੋਸਟ ਬਿਊਰੋ) : ਨਿਊ ਯੌਰਕ ਸਿਟੀ ਵਿੱਚ ਅੱਤਵਾਦੀ ਹਮਲੇ ਕਰਨ ਦੀ ਸਾਜ਼ਿਸ਼ ਰਚਣ ਦੇ ਮਾਮਲੇ ਵਿੱਚ ਦੋਸ਼ੀ ਪਾਏ ਜਾਣ ਵਾਲੇ ਨੌਜਵਾਨ ਕੈਨੇਡੀਅਨ ਨੂੰ ਬੁੱਧਵਾਰ ਨੂੰ 40 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾ ਅਮਰੀਕੀ ਅਦਾਲਤ ਵੱਲੋਂ ਸੁਣਾਈ ਗਈ। ਇਸ ਸਬੰਧ ਵਿੱਚ ਜਾਣਕਾਰੀ ਕੈਨੇਡੀਅਨ ਵਕੀਲ ਨੇ ਦਿੱਤੀ।

20 ਸਾਲਾ ਅਬਦੁਲਰਹਿਮਾਨ ਅਲ ਬਾਹਨਾਸੈਵੀ ਨੂੰ ਇਹ ਜਾਣਕਾਰੀ ਹੋਣ ਦੇ ਬਾਵਜੂਦ ਇਹ ਸਜ਼ਾ ਸੁਣਾਈ ਗਈ ਕਿ ਉਹ ਮਾਨਸਿਕ ਤੌਰ ਉੱਤੇ ਬਿਮਾਰ ਹੈ ਤੇ ਨਸ਼ਿਆਂ ਦਾ ਆਦੀ ਹੈ। ਇੱਕ ਇੰਟਰਵਿਊ ਵਿੱਚ ਵਕੀਲ ਡੈਨਿਸ ਐਡਨੇ ਨੇ ਆਖਿਆ ਕਿ ਉਸ ਨੂੰ 40 ਸਾਲ ਦੀ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਆਖਿਆ ਕਿ ਉਸ ਦੀ ਮਾਨਸਿਕ ਸਿਹਤ ਠੀਕ ਨਾ ਹੋਣ, ਬਾਇਪੋਲਰ ਹਿਸਟਰੀ, ਸਾਇਕੋਟਿਕ ਐਪੀਸੋਡਜ਼ ਤੇ 14 ਸਾਲਾਂ ਦੀ ਉਮਰ ਤੋਂ ਲੱਗੀ ਨਸ਼ਿਆਂ ਦੀ ਲਤ ਤੇ ਕਈ ਵਾਰੀ ਰਿਹੈਬ ਕੇਂਦਰਾਂ ਵਿੱਚ ਉਸ ਨੂੰ ਠੀਕ ਕਰਨ ਲਈ ਕੀਤੀ ਗਈ ਅਸਫਲ ਕੋਸ਼ਿਸ਼ ਬਾਰੇ ਦੱਸੇ ਜਾਣ ਦੇ ਬਾਵਜੂਦ ਉਸ ਨੂੰ ਇਹ ਸਜ਼ਾ ਸੁਣਾਈ ਗਈ।

ਐਡਨੇ ਨੇ ਆਖਿਆ ਕਿ ਅਮਰੀਕਾ ਦੇ ਡਿਸਟ੍ਰਿਕਟ ਜੱਜ ਰਿਚਰਡ ਬਰਮਨ ਨੇ ਸਵੀਕਾਰਿਆ ਕਿ ਮਸ਼ਕੂਕ ਮਾਨਸਿਕ ਤੌਰ ਉੱਤੇ ਬਿਮਾਰ ਹੈ ਤੇ ਉਸ ਨੇ ਕਈ ਵਾਰੀ ਜੇਲ੍ਹ ਵਿੱਚ ਵੀ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ।

...ਬਾਕੀ ਪੰਨਾ 6 'ਤੇ

## ਟੈਵਰਨਰ ਦੀ ਨਿਯੁਕਤੀ ਖਿਲਾਫ ਸ਼ਿਕਾਇਤ ਕੀਤੇ ਜਾਣ ਕਾਰਨ ਬਲੇਅਰ ਉੱਤੇ ਵਰ੍ਹੇ ਫੋਰਡ



ਓਨਟਾਰੀਓ, 19 ਦਸੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ ਓਨਟਾਰੀਓ ਦੀ ਪ੍ਰੋਵਿੰਸ਼ੀਅਲ ਪੁਲਿਸ ਦੇ ਡਿਪਟੀ ਕਮਿਸ਼ਨਰ ਬਰੈਡ ਬਲੇਅਰ ਉੱਤੇ ਪੁਲਿਸ ਸਰਵਿਸਿਜ਼ ਐਕਟ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਜਾ ਰਿਹਾ ਹੈ। ਫੋਰਡ ਦਾ ਕਹਿਣਾ ਹੈ ਕਿ ਅਗਲੇ ਓਪੀਪੀ ਕਮਿਸ਼ਨਰ ਵਜੋਂ ਰੌਨ ਟੈਵਰਨਰਜ਼ ਦੀ ਵਿਵਾਦਗ੍ਰਸਤ ਨਿਯੁਕਤੀ ਬਾਰੇ ਸ਼ਿਕਾਇਤ ਕਰਕੇ ਬਲੇਅਰ ਨੇ ਇਸ ਐਕਟ ਦੀ ਉਲੰਘਣਾ ਕੀਤੀ ਹੈ।

ਜ਼ਿਕਰਯੋਗ ਹੈ ਕਿ ਸ਼ਨਿੱਚਰਵਾਰ ਤੱਕ ਓਪੀਪੀ ਦੇ ਅੰਤਰਿਮ ਮੁਖੀ ਵਜੋਂ ਸੇਵਾ ਨਿਭਾਉਣ ਵਾਲੇ ਬਲੇਅਰ ਉੱਤੇ ਵਰ੍ਹਦਿਆਂ ਫੋਰਡ ਨੇ ਆਖਿਆ ਕਿ ਇੱਕ ਚਿੱਠੀ ਵਿੱਚ ਬਲੇਅਰ ਨੇ ਲਿਖਿਆ ਹੈ ਕਿ 72 ਸਾਲਾ ਟੋਰਾਂਟੋ ਪੁਲਿਸ ਸੁਪਰਡੈਂਟ ਨੂੰ ਪ੍ਰੋਵਿੰਸ਼ੀਅਲ ਫੋਰਸ ਚਲਾਉਣ ਦੀ ਜ਼ਿੰਮੇਵਾਰੀ ਦੇਣ ਦੀ ਹਾਮੀ ਭਰੇ ਜਾਣ ਪਿੱਛੇ ਸਿਆਸੀ ਦਖਲਅੰਦਾਜ਼ੀ ਹੋਈ ਸੀ। ਫੋਰਡ ਨੇ ਇਹ ਨਹੀਂ ਦੱਸਿਆ ਕਿ ਬਲੇਅਰ ਨੇ ਕਿਸ ਖਾਸ ਕਿਸਮ ਨਾਲ ਪੁਲਿਸ ਸਰਵਿਸਿਜ਼ ਐਕਟ ਦੀ ਉਲੰਘਣਾ ਕੀਤੀ ਹੈ।

ਪ੍ਰੀਮੀਅਰ ਨੇ ਮੰਗਲਵਾਰ ਨੂੰ ਆਖਿਆ ਕਿ ਕਾਫੀ ਤਰ੍ਹਾਂ ਦੀ ਗਲਤ ਜਾਣਕਾਰੀ ਦਿੱਤੀ ਜਾ ਰਹੀ ਹੈ। ਪਿਛਲੇ ਹਫਤੇ ਟੈਵਰਨਰ ਵਾਲਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਫੋਰਡ ਵੱਲੋਂ ਪਹਿਲੀ ਵਾਰੀ ਨਿਊਜ਼ ਕਾਨਫਰੰਸ ਕੀਤੀ ਗਈ। ਇਹ ਨਿਯੁਕਤੀ ਅਜੇ ਵੀ ਅਧਵਾਟੇ ਲਮਕ ਰਹੀ ਹੈ ਕਿਉਂਕਿ ਇਹ ਮਾਮਲਾ ਇੰਟੇਗ੍ਰਿਟੀ ਕਮਿਸ਼ਨਰ ਜੇ ਡੇਵਿਡ ਵੇਕ ਕੋਲ ਜਾਂਚ ਲਈ ਪਿਆ ਹੈ। ਜਾਂਚ ਦੌਰਾਨ ਇਹ ਪਤਾ ਲਾਇਆ ਜਾਵੇਗਾ ਕਿ ਕੀ ਇਸ ਨਿਯੁਕਤੀ ਵਿੱਚ ਫੋਰਡ ਨੇ ਕੋਈ ਭੂਮਿਕਾ ਨਿਭਾਈ ਹੈ ਜਾਂ ਨਹੀਂ।


ਕੀ ਤੁਸੀ ਕਾਕਰੋਚ, ਚੁੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO | BUSINESS | TRUCKING | R.E.S.P | COMMERCIAL
CONNEX Insurance Brokers Ltd
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Aaxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
Immigration • Real Estate
Family Law • Business Closing
Corporate • Wills & Estate
Power of Attorney/Affidavit / Attestations
SHINDER KELLEY
Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# NEED A LAWYER ??
# KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



ticoca IATA

Call Us For Guaranteed Lowest Airfare ANY Airline Time Destination Around the World

WestJet vacations, transat Holidays, sunwing, AIR CANADA VACATIONS

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



SimConnect FREIGHT MANAGEMENT

# HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ



Owner Operator up to 1.65 Per miles

Company Drivers :
Solo/Team : upto .65 Cents Per Mile

Sim Connect Freight Management

24 Hrs Dispatch

Ph: (905)915-1805/(905)799-8822
3380 Airway Dr Mississauga Ontario L4T1V3



ਮੂੰਹੋ ਬੋਲਦੀ ਦੀ Kitchen and Washroom ਬਣਵਾਓ

# Pearson
## Kitchen & Cabinet

Free Estimate
We Specialize in granite, quartz & marble countertops





We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



chatr MOBILE

NEW

# NATION-WIDE
TALK, TEXT & DATA PLANS
FROM
# $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING.
CHATRMOBILE.COM

VISIT OUR LOCATIONS TODAY!

379 Main St. North, Brampton, ON
2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਪੱਤਰਕਾਰਾਂ ਦਾ ਕਾਰਜ ਆ ਬਹੁਤ ਔਖਾ,
ਖਬਰਾਂ ਲੈਣ ਨੂੰ ਦੌੜ ਉਹ ਲਾਉਣ ਬੇਲੀ।
ਭੀੜਾਂ ਅੰਦਰ ਵੀ ਜਾਣ ਨੂੰ ਸਿਰੇ ਤੀਕਰ,
ਲਾ-ਲਾ ਜ਼ੋਰ ਉਹ ਰਾਹ ਬਣਾਉਣ ਬੇਲੀ।
ਹੁੰਦੀ ਕਿਸੇ ਦੀ ਸਿਫਤ ਤਾਂ ਖੁਸ਼ੀ ਹੁੰਦਾ,
ਜਾਂਦੀ ਉਲਟ ਤਾਂ ਮੂੰਹ ਫੁਲਾਉਣ ਬੇਲੀ।
ਮਿਲਦਾ ਕਦੀ ਸਨਮਾਨ ਤਾਂ ਕਈ ਵਾਰੀ,
ਪੈਂਦਾ ਕਹਿਰ ਵੀ ਇਹ ਹੰਢਾਉਣ ਬੇਲੀ।
ਕਹਿੰਦੀ ਖਬਰ ਆ ਪੂਰੇ ਸੰਸਾਰ ਅੰਦਰ,
ਪੱਤਰਕਾਰਾਂ ਨੂੰ ਪੈਂਦੀ ਪਈ ਮਾਰ ਬੇਲੀ।
ਅੰਕੜਾ ਵਧੀ ਜਾਂਦਾ ਮੌਤਾਂ ਹੁੰਦੀਆਂ ਦਾ,
ਤਾਂ ਵੀ ਟਿਕੇ ਹੋਏ ਨੇ ਪੱਤਰਕਾਰ ਬੇਲੀ।

ਤੀਸ ਮਾਰ ਖਾਂ

# ਡਾਊਨਟਾਊਨ ਵਿੱਚ ਚੱਲੀ ਗੋਲੀ, ਪੁਰਸ਼ ਹਲਾਕ, ਮਹਿਲਾ ਜ਼ਖ਼ਮੀ

ਟੋਰਾਂਟੋ, 19 ਦਸੰਬਰ (ਪੋਸਟ ਬਿਊਰੋ) : ਅੱਜ ਸਵੇਰੇ ਡਾਊਨਟਾਊਨ ਵਿੱਚ ਚੱਲੀ ਗੋਲੀ ਕਾਰਨ ਇੱਕ ਪੁਰਸ਼ ਦੀ ਮੌਤ ਹੋ ਗਈ ਤੇ ਇੱਕ ਮਹਿਲਾ ਜ਼ਖ਼ਮੀ ਹੋ ਗਈ।

ਇਹ ਗੋਲੀ ਅੱਧੀ ਰਾਤ ਤੋਂ ਬਾਅਦ ਕਿੰਗ ਸਟਰੀਟ ਐਂਡ ਸਪੈਡਿਨਾ ਐਵਨਿਊ ਨੇੜੇ ਚੱਲੀ। ਬੁੱਧਵਾਰ ਸਵੇਰੇ ਇੰਸਪੈਕਟਰ ਡੈਰੇਨ ਆਲਡਰਿੱਟ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਡੇ ਅਧਿਕਾਰੀ ਠੀਕ ਉਸ ਸਮੇਂ ਉੱਤੇ ਹੀ ਕਿੰਗ ਦੇ ਦੱਖਣ ਵਿੱਚ ਸਪੈਡੀਨਾ ਉੱਤੇ ਚੈਕਿੰਗ ਕਰ ਰਹੇ ਸਨ। ਉਨ੍ਹਾਂ ਨੇ ਵੀ ਗੋਲੀਆਂ ਚੱਲਣ ਦੀਆਂ ਕਈ ਆਵਾਜ਼ਾਂ ਸੁਣੀਆਂ। ਉਹ ਉਸੇ ਵੇਲੇ ਮੌਕੇ ਉੱਤੇ ਪਹੁੰਚੇ ਜਿੱਥੇ ਉਨ੍ਹਾਂ ਨੂੰ ਇੱਕ ਪੁਰਸ਼ ਤੇ ਔਰਤ ਜ਼ਖ਼ਮੀ ਹਾਲਤ ਵਿੱਚ ਮਿਲੇ।

ਪ੍ਰਾਪਤ ਜਾਣਕਾਰੀ ਅਨੁਸਾਰ ਪੁਰਸ਼ ਨੂੰ ਧੌਣ ਵਿੱਚ ਗੋਲੀ ਲੱਗੀ ਸੀ ਤੇ ਮਹਿਲਾ ਦੀ ਲੱਤ ਵਿੱਚ ਗੋਲੀ ਲੱਗੀ ਸੀ। ਉਸ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਬਾਅਦ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ। ਉਹ ਆਪਣੇ 20ਵਿਆਂ ਵਿੱਚ ਸੀ।



ਮਹਿਲਾ ਨੂੰ ਵੀ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦਾ ਇਲਾਜ ਕੀਤੇ ਜਾਣ ਤੋਂ ਬਾਅਦ ਉਸ ਨੂੰ ਖਤਰੇ ਤੋਂ ਬਾਹਰ ਦੱਸਿਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਪਰ ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।

# ਪਾਵਰ ਵਰਕਰਜ਼ ਦੀ ਸੇਵਾ ਨੂੰ ਜ਼ਰੂਰੀ ਕਰਾਰ ਦਿੱਤਾ ਜਾ ਸਕਦਾ ਹੈ : ਫੋਰਡ

ਓਨਟਾਰੀਓ, 19 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਇਲੈਕਟ੍ਰਿਸਿਟੀ ਸਿਸਟਮ ਨੂੰ ਨੁਕਸਾਨ ਪਹੁੰਚਣ ਤੋਂ ਬਚਾਉਣ ਲਈ ਐਮਪੀਪੀਜ਼ ਬੈਕ ਟੂ ਵਰਕ ਬਿੱਲ ਉੱਤੇ ਬਹਿਸ ਕਰ ਰਹੇ ਹਨ। ਇਸ ਦੌਰਾਨ ਪ੍ਰੀਮੀਅਰ ਡੱਗ ਫੋਰਡ ਵੱਲੋਂ ਆਖਿਆ ਜਾ ਰਿਹਾ ਹੈ ਕਿ ਇਸ ਨੂੰ ਜ਼ਰੂਰੀ ਸੇਵਾ ਕਰਾਰ ਦਿੱਤਾ ਜਾ ਸਕਦਾ ਹੈ ਤੇ ਅਸੀਂ ਸਾਰੇ ਪੱਖ ਖੁੱਲ੍ਹੇ ਰੱਖ ਕੇ ਚੱਲ ਰਹੇ ਹਾਂ।

ਮੰਗਲਵਾਰ ਨੂੰ ਐਮੇਜ਼ੌਨ ਦੇ ਹੈੱਡਕੁਆਰਟਰ ਉੱਤੇ ਗੱਲ ਕਰਦਿਆਂ ਫੋਰਡ ਨੇ ਆਖਿਆ ਕਿ ਨਾ ਤਾਂ ਅਸੀਂ ਇਸ ਬਾਬਤ ਕੋਈ ਫੈਸਲਾ ਕੀਤਾ ਹੈ ਤੇ ਨਾ ਹੀ ਕਿਸੇ ਗੱਲ ਤੋਂ ਇਨਕਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਐਮੇਜ਼ੌਨ ਵੱਲੋਂ ਪ੍ਰੋਵਿੰਸ ਵਿੱਚ 600 ਰੋਜ਼ਗਾਰ ਦੇ ਮੌਕੇ



ਪੈਦਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਇਨ੍ਹਾਂ ਕਾਮਿਆਂ ਦੀਆਂ ਸੇਵਾਵਾਂ ਲਾਜ਼ਮੀ ਕੀਤੇ ਜਾਣ ਨਾਲ ਉਹ ਕਦੇ ਹੜਤਾਲ ਨਹੀਂ ਕਰ ਸਕਣਗੇ। ਉਨ੍ਹਾਂ ਦੇ ਕਾਂਟਰੈਕਟ ਵਿਚੋਲਗੀ ਰਾਹੀਂ ਤੈਅ ਕੀਤੇ ਜਾਇਆ ਕਰਨਗੇ, ਜਿਵੇਂ ਕਿ ਪੁਲਿਸ, ਐਮਰਜੰਸੀ ਸੇਵਾਵਾਂ ਤੇ ਟੋਰਾਂਟੋ ਟਰਾਂਜ਼ਿਟ ਕਮਿਸ਼ਨ ਦੇ ਕਰਮਚਾਰੀਆਂ ਦੇ ਹੁੰਦੇ ਹਨ। ਫੋਰਡ ਨੇ ਆਖਿਆ ਕਿ ਸੱਭ ਤੋਂ ਜ਼ਰੂਰੀ ਗੱਲ ਓਨਟਾਰੀਓ ਪਾਵਰ ਜੈਨਰੇਸ਼ਨ ਦੇ ਕਰਮਚਾਰੀਆਂ ਨੂੰ ਕੰਮ ਉੱਤੇ ਵਾਪਿਸ ਲਿਆਉਣਾ ਹੈ।

ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਅਸੀਂ ਬਿਜਲੀ ਬੰਦ ਹੋਣ ਦੀਆਂ ਹੋਰ ਘਟਨਾਵਾਂ ਹੋਰ ਬਰਦਾਸ਼ਤ ਨਹੀਂ ਕਰ ਸਕਦੇ। ਇਸ ਨਾਲ ਸਾਡੇ ਪ੍ਰੋਵਿੰਸ ਵਿੱਚ ਨਵਾਂ ਸੰਕਟ ਖੜ੍ਹਾਂ ਹੋ ਸਕਦਾ ਹੈ। ਇਸ ਬਿੱਲ ਦੇ ਵੀਰਵਾਰ ਤੱਕ ਪਾਸ ਹੋਣ ਦੀ ਉਮੀਦ ਹੈ ਤੇ ਫੋਰਡ ਨੇ ਆਖਿਆ ਕਿ ਸ਼ੁੱਕਰਵਾਰ ਤੱਕ ਸਾਰਾ ਕੁੱਝ ਨੌਰਮਲ ਹੋ ਜਾਵੇਗਾ।

# ਜਾਪਾਨੀ ਵਿਰੋਧ ਦੇ ਬਾਵਜੂਦ ਰੂਸ ਨੇ ਵਿਵਾਦਤ ਥਾਂ ਬੈਰਕ ਬਣਾਈ

ਮਾਸਕੋ, 19 ਦਸੰਬਰ (ਪੋਸਟ ਬਿਊਰੋ)- ਰੂਸੀ ਫੌਜ ਨੇ ਪੈਸੇਫਿਕ ਮਹਾਸਾਗਰ 'ਚ ਜਾਪਾਨ ਦੇ ਨੇੜਲੇ ਚਾਰ ਵਿਵਾਦਤ ਟਾਪੂਆਂ ਉੱਤੇ ਨਵੀਆਂ ਬੈਰਕਾਂ ਬਣਾ ਲਈਆਂ ਹਨ।

ਬੀਤੇ ਦਿਨੀਂ ਰੂਸ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਦੱਖਣੀ ਕੁਰਿਲ ਟਾਪੂਆਂ ਉਤੇ ਬਖਤਰਬੰਦ ਵਾਹਨਾਂ ਲਈ ਹੋਰ ਸਹੂਲਤਾਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਚਾਰ ਟਾਪੂਆਂ ਵਿੱਚੋਂ ਦੋ ਵਿੱਚ ਬਣਾਈਆਂ ਰਿਹਾਇਸ਼ੀ ਬੈਰਕਾਂ 'ਚ ਅਗਲੇ ਹਫਤੇ ਤੋਂ ਸੈਨਿਕਾਂ ਨੂੰ ਵੀ ਭੇਜਿਆ ਜਾਵੇਗਾ। ਇਨ੍ਹਾਂ ਟਾਪੂਆਂ ਉੱਤੇ ਰੂਸ ਦੀਆਂ ਸਰਗਰਮੀਆਂ ਦਾ ਜਾਪਾਨ ਨੇ ਸਖ਼ਤ ਵਿਰੋਧ ਕੀਤਾ ਹੈ। ਪਿਛਲੀ ਜੁਲਾਈ 'ਚ ਵੀ ਜਾਪਾਨ ਨੇ ਰੂਸ ਨੂੰ ਟਾਪੂਆਂ 'ਤੇ ਆਪਣੀਆਂ ਸਰਗਰਮੀਆਂ ਘੱਟ ਕਰਨ ਲਈ ਕਿਹਾ ਸੀ। ਦੂਜੀ ਵਿਸ਼ਵ ਜੰਗ ਦੇ ਅਖੀਰ 'ਚ ਓਦੋਂ ਦੀ ਸੋਵੀਅਤ ਫੌਜ ਨੇ ਇਨ੍ਹਾਂ ਟਾਪੂਆਂ ਉਤੇ ਕਬਜ਼ਾ ਕਰ ਲਿਆ ਸੀ। ਜਾਪਾਨ ਅਤੇ ਰੂਸ ਇਨ੍ਹਾਂ 'ਤੇ ਆਪਣੀ ਖੁਦਮੁਖਤਾਰੀ ਦਾ ਦਾਅਵਾ ਕਰਦੇ ਹਨ। ਇਸ ਕਾਰਨ ਵਿਸ਼ਵ ਜੰਗ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਸ਼ਾਂਤੀ ਸਮਝੌਤਾ ਵੀ ਨਹੀਂ ਹੋ ਸਕਦਾ।



ਇਸ ਵਿਵਾਦ ਨੂੰ ਹੱਲ ਕਰਨ ਲਈ ਦੋਵਾਂ ਵਿਚਾਲੇ ਕਈ ਵਾਰ ਡਿਪਲੋਮੈਂਟ ਪੱਧਰ ਦੀ ਵਾਰਤਾ ਹੋ ਚੁੱਕੀ ਹੈ। ਅਗਲੇ ਸਾਲ 21 ਜਨਵਰੀ ਨੂੰ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਇਸ ਮੁੱਦੇ 'ਤੇ ਗੱਲਬਾਤ ਲਈ ਰੂਸ ਦਾ ਦੌਰਾ ਕਰ ਸਕਦੇ ਹਨ। ਅਬੇ ਦੇ ਇਸ ਸੰਭਾਵੀ ਦੌਰੇ ਤੋਂ ਪਹਿਲਾਂ ਰੂਸ ਨੇ ਕਿਹਾ ਹੈ ਕਿ ਜਾਪਾਨ ਤੇ ਅਮਰੀਕਾ ਵਿਚਕਾਰ ਰੱਖਿਆ ਸੌਦਾ ਹੋ ਰਿਹਾ ਹੈ।

# ਚੀਨੀ ਯੂਨੀਵਰਸਿਟੀ ਨੇ ਆਮਿਰ ਖਾਨ ਦਾ ਪ੍ਰੋਗਰਾਮ ਰੱਦ ਕੀਤਾ

ਬੀਜਿੰਗ, 19 ਦਸੰਬਰ (ਪੋਸਟ ਬਿਊਰੋ)- ਚੀਨ ਦੀ ਇਕ ਯੂਨੀਵਰਸਿਟੀ ਨੇ ਆਪਣੇ ਕੈਂਪਸ ਵਿੱਚ ਹੋਣ ਵਾਲੇ ਬਾਲੀਵੁੱਡ ਅਦਾਕਾਰ ਆਮਿਰ ਖਾਨ ਦੇ ਇਕ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਹੈ। ਯੂਨੀਵਰਸਿਟੀ ਦਾ ਕਹਿਣਾ ਹੈ ਕਿ ਪ੍ਰਬੰਧਕਾਂ ਨੇ ਇਸ ਦੇ ਲਈ ਪਹਿਲਾਂ ਤੋਂ ਕੋਈ ਇਜਾਜ਼ਤ ਨਹੀਂ ਲਈ ਸੀ। ਆਮਿਰ ਖਾਨ ਆਪਣੀ ਫਿਲਮ 'ਠੱਗਜ਼ ਆਫ ਹਿੰਦੁਸਤਾਨ' ਦੇ ਪ੍ਰਚਾਰ ਲਈ ਅੱਜ ਕੱਲ੍ਹ ਚੀਨ 'ਚ ਹਨ। ਉਨ੍ਹਾਂ ਦੀ ਇਹ ਫਿਲਮ ਅਗਲੇ ਹਫਤੇ ਚੀਨ ਵਿੱਚ ਰਿਲੀਜ਼ ਹੋਣ ਵਾਲੀ ਹੈ। ਇਸੇ ਸਿਲਸਿਲੇ 'ਚ ਪ੍ਰਸ਼ੰਸਕਾਂ ਨੂੰ ਮਿਲਣ ਦਾ ਉਨ੍ਹਾਂ ਦਾ ਪ੍ਰੋਗਰਾਮ ਬੀਤੇ ਦਿਨੀਂ ਗਵਾਂਗਝੂ ਦੀ ਗੁਆਂਗਦੋਂਗ ਯੂਨੀਵਰਸਿਟੀ ਆਫ ਫਾਇਨਾਂਸ ਐਂਡ ਇਕਨਾਮਿਕਸ 'ਚ ਹੋਣ ਵਾਲਾ ਸੀ। ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਨੇ ਯੂਨੀਵਰਸਿਟੀ ਦੇ ਇਕ ਮੁਲਾਜ਼ਮ ਦੇ ਹਵਾਲੇ ਨਾਲ ਕਿਹਾ ਕਿ ਪ੍ਰੋਗਰਾਮ ਦੇ ਦਿਨ ਤੱਕ ਯੂਨੀਵਰਸਿਟੀ ਨੂੰ ਇਸ ਦੀ ਸੂਚਨਾ ਨਹੀਂ ਸੀ। ਸੋਸ਼ਲ ਮੀਡੀਆ ਰਾਹੀਂ ਸਿਰਫ ਵਿਦਿਆਰਥੀਆਂ ਦੇ ਇਕ ਗਰੁੱਪ ਨੂੰ ਇਸ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ ਗਈ ਸੀ। ਯੂਨੀਵਰਸਿਟੀ ਦੇ ਇਸ ਕਦਮ ਦੇ ਬਾਅਦ ਫੈਨ ਮੀਟ ਪ੍ਰੋਗਰਾਮ ਕੈਂਪਸ ਦੇ ਨਜ਼ਦੀਕ ਸਥਿਤ ਇਕ ਹੋਟਲ 'ਚ ਕਰਵਾਇਆ ਗਿਆ।

# ਪਾਕਿ ਨੇ ਕਿਹਾ: ਫਾਂਸੀ ਮੁੱਦੇ ਉੱਤੇ ਸਾਡੀ ਵੋਟ ਗਲਤੀ ਨਾਲ ਗਿਣੀ ਗਈ ਸੀ

ਇਸਲਾਮਾਬਾਦ, 19 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਨੇ ਕੱਲ੍ਹ ਕਿਹਾ ਕਿ ਯੂ ਐਨ ਜਨਰਲ ਅਸੈਂਬਲੀ ਵਿੱਚ ਫਾਂਸੀ ਦੀ ਸਜ਼ਾ ਉੱਤੇ ਰੋਕ ਦੀ ਮੰਗ ਦੇ ਮਤੇ ’ਤੇ ਉਸ ਦੀ ਵੋਟ ਗਲਤੀ ਨਾਲ ਮਤੇ ਦੇ ਪੱਖ ’ਚ ਗਿਣੀ ਗਈ ਹੈ।

ਵਿਦੇਸ਼ ਦਫਤਰ ਦੇ ਬੁਲਾਰੇ ਮੁਹੰਮਦ ਫੈਜ਼ਲ ਨੇ ਕਿਹਾ ਕਿ ਸੋਮਵਾਰ ਵੋਟਿੰਗ ਵੇਲੇ ਪਾਕਿਸਤਾਨ ਦੀ ਵੋਟ ਗਲਤੀ ਨਾਲ ਯੂ ਐਨ ਜਨਰਲ ਅਸੈਂਬਲੀ ਵਿੱਚ ਫਾਂਸੀ ਉੱਤੇ ਰੋਕ ਦੇ ਮਤੇ ਦੇ ਪੱਖ ਵਿੱਚ ਗਿਣੀ ਗਈ ਸੀ। ਫੈਜ਼ਲ ਨੇ ਟਵੀਟ ’ਚ ਕਿਹਾ ਕਿ ਪਾਕਿਸਤਾਨ ਨੇ ਆਪਣੀ ਨੀਤੀ ਮੁਤਾਬਕ ਮੌਤ ਦੀ ਸਜ਼ਾ ਨੂੰ ਖਤਮ ਕਰਨ ਦੇ ਵਿਚਾਰ ਨਾਲ ਫਾਂਸੀ ਦੀ ਸਜ਼ਾ ’ਤੇ ਰੋਕ ਦਾ ਸੱਦਾ ਦੇਣ ਵਾਲੇ ਮਤੇ ਦੇ ਖਿਲਾਫ ਵੋਟ ਕੀਤਾ ਸੀ। ਇਕ ਪੱਤਰਕਾਰ ਏਜੰਸੀ ਨੇ ਰਿਪੋਰਟ ਦਿੱਤੀ ਕਿ ਪਾਕਿਸਤਾਨ ਸਮੇਤ ਯੂ ਐੱਨ ਓ ਦੇ ਚਾਰ ਮੈਂਬਰ ਦੇਸ਼ਾਂ ਨੇ ਮਤੇ ਦੇ ਪੱਖ ਵਿੱਚ ਪਾਇਆ ਆਪਣਾ ਵੋਟ ਬਦਲ ਦਿੱਤਾ। ਹੋਰ ਤਿੰਨ ਦੇਸ਼ ਹਨ ਡੋਮਿਨਿਕਾ, ਲੀਬੀਆ ਤੇ ਮਲੇਸ਼ੀਆ। ਯੂ ਐਨ ਓ ਦੇ 193 ਮੈਂਬਰ ਦੇਸ਼ਾਂ ਵਿੱਚੋਂ ਕੁੱਲ 121 ਦੇਸ਼ਾਂ ਨੇ ਮੌਤ ਵਾਲੀ ਸਜ਼ਾ ਦੀ ਵਰਤੋਂ ਉੱਤੇ ਰੋਕ ਦੇ ਸੱਦੇ ਵਾਲੇ ਮਤੇ ਦੇ ਪੱਖ ’ਚ ਵੋਟ ਦਿੱਤਾ। ਹੋਰ 35 ਦੇਸ਼ਾਂ ਨੇ ਪ੍ਰਸਤਾਵ ਦੇ ਖਿਲਾਫ ਵੋਟ ਦਿੱਤਾ ਤੇ 32 ਮੈਂਬਰ ਦੇਸ਼ ਇਸ ਦੌਰਾਨ ਗੈਰ-ਹਾਜ਼ਰ ਰਹੇ।

# ਸੁੱਖਾ ਕਾਹਲਵਾਂ ਕਤਲ ਕੇਸ ਵਿੱਚ ਗੋਪੀ ਨਿੱਝਰ ਨੇ ਅਦਾਲਤ ਵਿੱਚ ਅੱਠ ਗੈਂਗਸਟਰ ਪਛਾਣੇ

ਕਪੂਰਥਲਾ, 19 ਦਸੰਬਰ (ਪੋਸਟ ਬਿਊਰੋ)- ਸੁੱਖਾ ਕਾਹਲਵਾਂ ਕਤਲ ਕੇਸ ਵਿੱਚ ਸ਼ਾਮਲ ਸਾਰੇ ਅੱਠ ਗੈਂਗਸਟਰਾਂ ਨੂੰ ਸਜ਼ਾ ਦਿਵਾਉਣ ਲਈ ਕੋਸ਼ਿਸ਼ ਕਰ ਰਹੀ ਕਪੂਰਥਲਾ ਪੁਲਸ ਨੂੰ ਕੱਲ੍ਹ ਓਦੋਂ ਵੱਡੀ ਸਫਲਤਾ ਮਿਲੀ, ਜਦੋਂ ਮ੍ਰਿਤਕ ਗੈਂਗਸਟਰ ਸੁੱਖਾ ਕਾਹਲਵਾਂ ਦੇ ਇੱਕ ਨਜ਼ਦੀਕੀ ਦੋਸਤ ਨੇ ਸੈਸ਼ਨ ਜੱਜ ਦੀ ਅਦਾਲਤ ਵਿੱਚ ਸਾਰੇ ਅੱਠ ਗੈਂਗਸਟਰਾਂ ਨੂੰ ਪਛਾਣਦੇ ਹੋਏ ਉਨ੍ਹਾਂ ਨੂੰ ਸੁੱਖਾ ਕਤਲ ਕਾਂਡ ਦੇ ਦੋਸ਼ੀ ਦੱਸਿਆ। ਇਸ ਪੂਰੀ ਗਵਾਹੀ ਨਾਲ ਜਿੱਥੇ ਕਪੂਰਥਲਾ ਪੁਲਸ ਨੂੰ ਭਾਰੀ ਰਾਹਤ ਮਿਲੀ ਹੈ, ਉਥੇ ਕੁਝ ਪੁਲਸ ਅਫਸਰਾਂ ਵੱਲੋਂ ਬਿਆਨਾਂ ਤੋਂ ਪਲਟ ਜਾਣ ਕਾਰਨ ਕਮਜ਼ੋਰ ਹੋਇਆ ਇਹ ਕੇਸ ਇੱਕ ਵਾਰ ਫਿਰ ਤੋਂ ਮਜ਼ਬੂਤ ਹੋ ਗਿਆ ਅਤੇ ਦੋਸ਼ੀਆਂ ਨੂੰ ਸਜ਼ਾ ਹੋਣ ਦੀ ਆਸ ਬੱਝ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ 21 ਜਨਵਰੀ 2015 ਨੂੰ ਅੱਠ ਗੈਂਗਸਟਰਾਂ ਨੇ ਫਗਵਾੜਾ-ਜਲੰਧਰ ਨੈਸ਼ਨਲ ਹਾਈਵੇ ਉੱਤੇ ਪੇਸ਼ੀ ਭੁਗਤ ਕੇ ਪੁਲਸ ਸੁਰੱਖਿਆ ਵਿੱਚ ਵਾਪਸ ਨਾਭਾ ਜੇਲ੍ਹ ਜਾ ਰਹੇ ਗੈਂਗਸਟਰ ਸੁੱਖਾ ਕਾਹਲਵਾਂ 'ਤੇ ਫਾਇਰਿੰਗ ਕਰ ਕੇ ਉਸ ਨੂੰ ਮਾਰ ਦਿੱਤਾ ਸੀ, ਜਿਸ ਬਾਰੇ ਥਾਣਾ ਸਦਰ ਫਗਵਾੜਾ ਦੀ ਪੁਲਸ ਨੇ ਅੱਠ ਗੈਂਗਸਟਰਾਂ ਗੁਰਪ੍ਰੀਤ ਸਿੰਘ ਸੇਖਾਂ, ਰਮਨਦੀਪ ਸਿੰਘ ਰੰਮੀ, ਕੁਲਪ੍ਰੀਤ ਸਿੰਘ ਦਿਓਲ ਉਰਫ ਨੀਟਾ, ਤੀਰਥ ਢਿੱਲਵਾਂ, ਸੋਨੂੰ ਬਾਬਾ, ਫੋਗਾ ਤੇ ਘੁੱਗ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਕੇ ਛਾਪਾਮਾਰੀ ਦੌਰਾਨ ਸਾਰੇ ਅੱਠ ਗੈਂਗਸਟਰਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਕੇਸ ਵਿੱਚ ਗ੍ਰਿਫਤਾਰ ਗੈਂਗਸਟਰਾਂ ਨੂੰ ਸਜ਼ਾ ਦਿਵਾਉਣ ਲਈ ਕਪੂਰਥਲਾ ਪੁਲਸ ਦੀ ਮੁਹਿੰਮ ਨੂੰ ਓਦੋਂ ਵੱਡਾ ਝਟਕਾ ਲੱਗਾ, ਜਦੋਂ ਸੁੱਖਾ ਕਾਹਲਵਾਂ ਦੀ ਸੁਰੱਖਿਆ 'ਚ ਤੈਨਾਤ ਪੁਲਸ ਵਾਲਿਆਂ ਨੇ ਦੋਸ਼ੀਆਂ ਨੂੰ ਪਛਾਣਨ ਤੋਂ ਮਨ੍ਹਾ ਕਰ ਦਿੱਤਾ, ਪਰ ਕੱਲ੍ਹ ਇਸ ਕੇਸ ਵਿੱਚ ਓਦੋਂ ਨਵਾਂ ਮੋੜ ਆ ਗਿਆ, ਜਦੋਂ ਸੈਸ਼ਨ ਜੱਜ ਮੁਨੀਸ਼



ਅਰੋੜਾ ਦੀ ਅਦਾਲਤ ਵਿੱਚ ਕੇਂਦਰੀ ਜੇਲ੍ਹ ਕਪੂਰਥਲਾ ਅਤੇ ਜਲੰਧਰ ਤੋਂ ਲਿਆਂਦੇ ਗਏ ਸਾਰੇ ਅੱਠ ਗੈਂਗਸਟਰਾਂ ਨੂੰ ਪਛਾਣ ਕੇ ਸੁੱਖਾ ਕਾਹਲਵਾਂ ਦੇ ਦੋਸਤ ਗੁਰਪ੍ਰੀਤ ਸਿੰਘ ਉਰਫ ਗੋਪੀ ਨਿੱਝਰ ਪਿੰਡ ਜੈਰਾਮਪੁਰ ਨੇ ਇਨ੍ਹਾਂ ਨੂੰ ਸੁੱਖਾ ਕਾਹਲਵਾਂ ਦੇ ਕਤਲ ਲਈ ਜ਼ਿੰਮੇਵਾਰ ਮੰਨਿਆ।

ਪਤਾ ਲੱਗਾ ਹੈ ਕਿ ਸੁੱਖਾ ਕਾਹਲਵਾਂ ਦਾ ਇੱਕ ਨਜ਼ਦੀਕੀ ਰਿਹਾ ਗੁਰਪ੍ਰੀਤ ਸਿੰਘ ਉਰਫ ਗੋਪੀ ਸੁੱਖਾ ਕਾਹਲਵਾਂ ਦੇ ਜੇਲ੍ਹ ਵਿੱਚ ਬੰਦ ਹੋਣ ਦੌਰਾਨ ਉਸ ਦੇ ਸਾਰੇ ਕੇਸਾਂ ਦੀ ਪੈਰਵੀ ਕਰਦਾ ਸੀ ਤੇ ਸੁੱਖਾ ਕਾਹਲਵਾਂ ਦਾ ਅਮਰੀਕਾ ਵਿੱਚ ਰਹਿੰਦਾ ਪਿਤਾ ਗੁਰਪ੍ਰੀਤ ਸਿੰਘ ਉਰਫ ਗੋਪੀ ਨੂੰ ਇਸ ਦੀ ਪੈਰਵੀ ਲਈ ਪੈਸੇ ਭੇਜਦਾ ਸੀ।

# ਬਠਿੰਡੇ ਜ਼ਿਲ੍ਹੇ ਦੇ ਨਿਵਾਸੀਆਂ ਵੱਲੋਂ ਨਵੇਂ ਸਾਲ ਮੌਕੇ ਸ੍ਰੀ ਅਖੰਡ ਪਾਠ ਸਾਹਿਬ 4 ਜਨਵਰੀ ਤੋਂ

ਸਾਰੇ ਹੀ ਬਠਿੰਡੇ ਜਿਲੇ ਦੇ ਪਰਿਵਾਰਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਠਿੰਡੇ ਜਿਲੇ ਦੇ ਸਾਰੇ ਪਰਿਵਾਰਾਂ ਵੱਲੋ ਰਲ ਮਿਲਕੇ ਨਵੇਂ ਸਾਲ 2019 ਆਉਣ ਦੀ ਖੁਸ਼ੀ ਲੈਣ ਤੇ ਸਾਰੇ ਪ੍ਰੀਵਾਰਾ ਸੁੱਖ ਸ਼ਾਂਤੀ ਤੇ ਚੜ੍ਹਦੀ ਕਲਾ-ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ। ਇਸ ਲਈ ਡਿਕਸੀ ਗੁਰੂ ਘਰ ’ਚ ਤੁਹਾਨੂੰ ਸਾਰਿਆ ਨੂੰ ਪ੍ਰੀਵਾਰਾ ਸਮੇਤ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਤਿੰਨੇ ਦਿਨ ਜੋ ਵੀ ਪ੍ਰੀਵਾਰ ਸਮੇ ਚੋ ਸਮਾ ਕੱਢਕੇ ਸੇਵਾ ਕਰਵਾ ਸਕਦੇ ਨੇ ਦਿੱਲੋ ਧੰਨਵਾਦੀ ਹੋਵਾਗੇ। ਸਮਾਂ ਤੇ ਸਥਾਨ ਹੇਠਾ ਲਿਖੇ ਅਨੁਸਾਰ ਹੈ-

ਸਥਾਨ ---ਡਿਕਸੀ ਗੁਰੂ ਘਰ

ਤਰੀਕ -- 4-5-6 ਜਨਵਰੀ 2019

4 ਜਨਵਰੀ ਸਵੇਰੇ 9 ਵਜੇ ਸ੍ਰੀ ਅਖੰਡ ਸਾਹਿਬ ਪ੍ਰਕਾਸ਼ ਰੂਮ ਨੰਬਰ--103

ਭੋਗ ਤੇ ਸਮਾਪਤੀ -- ਮੇਨ ਹਾਲ

ਹੋਰ ਕੋਈ ਜਾਣਕਾਰੀ ਲੈਣ ਲਈ ਹੇਠ ਲਿਖੇ ਨੰਬਰਾ ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੁੱਖਪਾਲ ਪੂਹਲੀ-416-970-9431
ਪ੍ਰੀਤ ਸਿੱਧੂ -647-300-3515
ਖੋਸਾ ਬਾਈ ਜਲਾਲ-647-938-0004
ਜਸਵਿੰਦਰ ਮਲੂਕਾ-416-520-1139
ਸ਼ੁਸ਼ੀਲ ਧੀਰ 647-802-0850
ਜੱਸੀ ਭੁੱਲਰ-416-816-7427
ਗੁਰਪਿਆਰ ਡੋਡ 647-376-7514
ਸੁੱਖਚੈਨ ਸਿੰਘ -647-720-4324
ਸਿੰਦਾ ਬਾਈ 416-992-3344

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸੈਂਟਾ ਕਲਾਸ ਐੱਮ.ਪੀ. ਰੂਬੀ ਸਹੋਤਾ ਦੇ ਦਫ਼ਤਰ ਪਹੁੰਚਿਆ



ਬਰੈਂਪਟਨ, (ਸਿੱਖ ਸਪੋਕਸਮੈਨ ਸਮਾਚਾਰ ਸੇਵਾ): ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਸੈਂਟਾ ਕਲਾਸ ਅਤੇ ਬਰੈਂਪਟਨ ਦੇ ਲੋਕਾਂ ਦਾ ਆਪਣੇ ਦਫ਼ਤਰ ਵਿਚ ਪਹੁੰਚਣ 'ਤੇ ਸੁਆਗ਼ਤ ਕੀਤਾ। ਬੱਚਿਆਂ ਨੇ ਸੈਂਟਾ ਨਾਲ ਆਪਣੀਆਂ ਤਸਵੀਰਾਂ ਖਿਵਾਈਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਰੂਬੀ ਸਹੋਤਾਂ ਕੋਲੋਂ ਫ਼ੈੱਡਰਲ ਸਰਕਾਰ ਵੱਲੋਂ ਮਿਡਲ ਕਲਾਸ ਪਰਿਵਾਰਾਂ ਦੀ ਸਹਾਇਤਾ ਕਰਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਪਰਿਵਾਰਕ ਮਿੱਤਰਤਾ ਦਾ ਇਹ ਸ਼ੁਭ ਦਿਨ ਬਰੈਂਪਟਨ ਨੌਰਥ ਦੇ ਲੋਕਾਂ, ਖ਼ਾਸ ਤੌਰ 'ਤੇ ਬੱਚਿਆਂ ਲਈ ਸੈਂਟਾ ਕਲਾਸ ਨਾਲ ਆਪਣੀਆਂ ਤਸਵੀਰਾਂ ਖਿਚਵਾਉਣ ਅਤੇ ਆਪਣੀ ਮੈਂਬਰ ਪਾਰਲੀਮੈਂਟ ਮੈਂਬਰ ਨੂੰ ਮਿਲਣ ਲਈ ਬਹੁਤ ਵਧੀਆ ਮੌਕਾ ਸਾਬਤ ਹੋਇਆ।

ਜਦੋਂ ਬੱਚੇ ਸੈਂਟਾ ਕਲਾਸ ਨੂੰ ਦੱਸ ਰਹੇ ਸਨ ਕਿ ਉਨ੍ਹਾਂ ਨੂੰ ਉਸ ਕੋਲੋਂ ਕ੍ਰਿਸਮਸ 'ਤੇ ਕੀ ਕੁਝ ਚਾਹੀਦਾ ਹੈ, ਉਨ੍ਹਾਂ ਦੇ ਮਾਪੇ ਐੱਮ.ਪੀ. ਰੂਬੀ ਸਹੋਤਾ ਨਾਲ ਗੱਲਬਾਤ ਕਰ ਰਹੇ ਸਨ ਅਤੇ ਰੂਬੀ ਉਨ੍ਹਾਂ ਨੂੰ ਦੱਸ ਰਹੇ ਸਨ ਕਿ ਸਰਕਾਰ ਪਰਿਵਾਰਾਂ ਲਈ ਕੀ ਕੁਝ ਕਰ ਰਹੀ ਹੈ ਅਤੇ ਕਿਵੇਂ ਪੂੰਜੀ ਨਿਵੇਸ਼ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਮਿਡਲ ਕਲਾਸ ਕੈਨੇਡਾ-ਵਾਸੀਆਂ ਦੇ ਟੈਕਸ ਘਟਾਉਣ ਦੇ ਨਾਲ ਨਾਲ ਸਰਕਾਰ ਨੇ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਸਹੀ ਪਾਲਣ-ਪੋਸਣ ਕਰਨ ਲਈ ਵਧੇ ਹੋਏ ਖ਼ਰਚਿਆਂ ਨੂੰ ਸਹਿਣ ਕਰਨ ਲਈ ਟੈਕਸ-ਰਹਿਤ 'ਕੈਨੇਡਾ ਚਾਈਲਡ ਬੈਨੀਫ਼ਿਟ ਸਕੀਮ' ਸ਼ੁਰੂ ਕੀਤੀ ਹੈ ਜਿਸ ਨੂੰ ਮਹਿੰਗਾਈ ਦਰ ਨਾਲ ਜੋੜਿਆ ਗਿਆ ਹੈ। ਇਸ ਮੌਕੇ ਮਾਪਿਆਂ ਨਾਲ ਗੱਲਬਾਤ ਕਰਦਿਆਂ ਰੂਬੀ ਸਹੋਤਾ ਨੇ ਕਿਹਾ,"ਹੌਲੀਡੇਅ ਸੀਜ਼ਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਡੇ ਲਈ ਸੱਭ ਤੋਂ ਜ਼ਰੂਰੀ ਸਾਡਾ ਪਰਿਵਾਰ ਹੈ। ਏਸੇ ਲਈ ਸਾਡੀ ਸਰਕਾਰ ਮਿਡਲ ਕਲਾਸ ਪਰਿਵਾਰਾਂ ਲਈ ਆਪਣੇ ਬੱਚਿਆਂ ਦਾ ਭਵਿੱਖ ਉੱਜਲਾ ਬਨਾਉਣ ਲਈ ਉਨ੍ਹਾਂ ਦੀ ਸਹਾਇਤਾ ਕਰਨ ਵਿਚ ਮਾਣ ਮਹਿਸੂਸ ਕਰਦੀ ਹੈ। ਬਰੈਂਪਟਨ ਨੌਰਥ ਵਿਚ 14,000 ਤੋਂ ਵਧੇਰੇ ਪਰਿਵਾਰ ਆਪਣੇ ਬੱਚਿਆਂ ਨੂੰ ਪੜਾਉਣ, ਉਨ੍ਹਾਂ ਲਈ ਸਰਦੀਆਂ ਵਿਚ ਨਵੇਂ ਕੱਪੜੇ ਖ਼ਰੀਦਣ ਲਈ ਅਤੇ ਉਨ੍ਹਾਂ ਦੀ ਐਕਸਟ੍ਰਾ ਕਰੀਕੁਲਰ ਐਕਟਿਵਿਟੀਜ਼ ਤੱਕ ਪਹੁੰਚ ਕਰਨ ਲਈ ਕੈਨੇਡਾ ਚਾਈਲਡ ਬੈਨੀਫ਼ਿਟ ਦਾ ਲਾਭ ਪ੍ਰਾਪਤ ਕਰ ਰਹੇ ਹਨ। ਅਸੀ ਕੈਨੇਡਾ ਦੀ ਉਸਾਰੀ 'ਤੇ ਧਿਆਨ ਕੇਂਦ੍ਰਿਤ ਕਰ ਰਹੇ ਹਾਂ ਜਿੱਥੇ ਹਰੇਕ ਪਰਿਵਾਰ ਲਈ ਸਫ਼ਲ ਹੋਣ ਦੇ ਸੁਨਹਿਰੇ ਮੌਕੇ ਹਨ।

# ਮੋਗਾ ਦਾ ਡਿਪਟੀ ਕਮਿਸ਼ਨਰ ਪੰਚਾਇਤੀ ਚੋਣਾਂ ਦੌਰਾਨ ਪੱਖਪਾਤ ਦੇ ਦੋਸ਼ ਹੇਠ ਬਦਲਿਆ ਗਿਆ

## * ਪੰਜਾਬ ਦੇ ਚੋਣ ਕਮਿਸ਼ਨ ਵੱਲੋਂ ਪੰਚਾਇਤੀ ਚੋਣਾਂ 'ਚ ਸਖ਼ਤੀ ਸ਼ੁਰੂ

ਚੰਡੀਗੜ੍ਹ, 19 ਦਸੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਪੰਚਾਇਤ ਚੋਣਾਂ ਲਈ ਨਾਮਜ਼ਦਗੀਆਂ ਦੇ ਅੰਤਿਮ ਦਿਨ ਸਿਵਲ ਤੇ ਪੁਲੀਸ ਪ੍ਰਸ਼ਾਸਨ ਉੱਤੇ ਹਾਕਮ ਧਿਰ ਦੀ ਖੁੱਲ੍ਹੀ ਮਦਦ ਕਰਨ ਦੇ ਦੋਸ਼ ਲੱਗੇ ਹਨ। ਰਾਜ ਦੇ ਚੋਣ ਕਮਿਸ਼ਨ ਕੋਲ ਪੁੱਜੀਆਂ ਰਿਪੋਰਟਾਂ ਮੁਤਾਬਕ ਸਰਕਾਰੀ ਦਫ਼ਤਰ ਇੱਕ ਤਰ੍ਹਾਂ ਹਾਕਮ ਧਿਰ ਦੇ ਦਫ਼ਤਰ ਦਿਖਾਈ ਦੇਣ ਲੱਗੇ ਹਨ। ਇਸ ਪਿੱਛੋਂ ਚੋਣ ਕਮਿਸ਼ਨ ਨੇ ਮੋਗਾ ਦੇ ਡਿਪਟੀ ਕਮਿਸ਼ਨਰ ਨੂੰ ਤੁਰੰਤ ਬਦਲਣ ਦੇ ਹੁਕਮ ਦਿੱਤੇ ਤੇ ਰਾਜ ਸਰਕਾਰ ਨੂੰ ਤਿੰਨ ਆਈ ਏ ਐੱਸ ਅਫ਼ਸਰਾਂ ਦਾ ਪੈਨਲ ਭੇਜਣ ਨੂੰ ਕਿਹਾ ਹੈ। ਮੋਗਾ ਦੇ ਡਿਪਟੀ ਕਮਿਸ਼ਨਰ ਵੱਲੋਂ ਦੋ ਪਿੰਡਾਂ ਸੇਖਾ ਕਲਾਂ ਅਤੇ ਸੇਖਾ ਮੇਹਰ ਸਿੰਘ ਵਾਲਾ ਦੀ ਚੋਣ ਮੁਲਤਵੀ ਕਰਨ ਦੇ ਫੈਸਲੇ ਨੂੰ ਚੋਣ ਕਮਿਸ਼ਨ ਨੇ ਗੈਰ ਕਾਨੂੰਨੀ ਮੰਨਿਆ ਹੈ।

ਏਸੇ ਤਰ੍ਹਾਂ ਚੋਣ ਕਮਿਸ਼ਨ ਨੇ ਜ਼ਿਲ੍ਹਾ ਸੰਗਰੂਰ ਵਿੱਚ ਮੂਣਕ ਬਲਾਕ ਦੀ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ (ਬੀ ਡੀ ਪੀ ਓ) ਪਰਮਜੀਤ ਕੌਰ ਨੂੰ ਸਸਪੈਂਡ ਕਰਨ ਦੇ ਹੁਕਮ ਦਿੱਤੇ ਹਨ। ਜਾਣਕਾਰ ਸੂਤਰਾਂ ਮੁਤਾਬਕ ਇਸ ਬੀ ਡੀ ਪੀ ਓ ਦੇ ਖ਼ਿਲਾਫ਼ ਸ਼ਿਕਾਇਤਾਂ ਨੂੰ ਇਸ ਖੇਤਰ ਦੇ ਚੋਣ ਆਬਜ਼ਰਵਰ ਨੇ ਵੀ ਠੀਕ ਮੰਨਿਆ ਹੈ। ਕਈ ਜ਼ਿਲ੍ਹਿਆਂ ਵਿੱਚ ਅਕਾਲੀ ਦਲ ਜਾਂ ਆਮ ਆਦਮੀ ਪਾਰਟੀ ਵਾਲਿਆਂ ਨੂੰ ਕਾਗਜ਼ ਦਾਖਲ ਕਰਨ ਤੋਂ ਰੋਕਣ ਦੀਆਂ ਰਿਪੋਰਟਾਂ ਹਨ। ਇਹ ਵੀ ਖਬਰਾਂ ਹਨ ਕਿ ਕਾਂਗਰਸੀ ਉਮੀਦਵਾਰਾਂ ਤੋਂ ਦਿਨ ਢਲਣ ਤੱਕ ਪਰਚੇ ਭਰਵਾਏ ਗਏ, ਜਦ ਕਿ ਕਾਗਜ਼ ਭਰਨ ਦਾ ਸਮਾਂ ਤਿੰਨ ਵਜੇ ਤੱਕ ਸੀ। ਜਾਣਕਾਰ ਸੂਤਰਾਂ ਮੁਤਾਬਕ ਫਿਰੋਜ਼ਪੁਰ, ਬਠਿੰਡਾ, ਗੁਰਦਾਸਪੁਰ, ਤਰਨ ਤਾਰਨ, ਮੋਗਾ ਅਤੇ ਹੋਰ ਕਈ ਜ਼ਿਲ੍ਹਿਆਂ ਤੋਂ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਨਾਮਜ਼ਦਗੀ ਦਾਖਲ ਕਰਨ ਤੋਂ ਰੋਕਿਆ ਗਿਆ ਹੈ।

ਚੋਣ ਕਮਿਸ਼ਨ ਨੇ ਪੁਲੀਸ ਤੇ ਸਿਵਲ ਪ੍ਰਸ਼ਾਸਨ ਨੂੰ ਹਦਾਇਤਾਂ ਦੇਣ ਦੇ ਨਾਲ ਹੀ ਇਹ ਕੇਸ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਦੇ ਧਿਆਨ ਵਿੱਚ ਵੀ ਲਿਆਂਦਾ ਹੈ। ਮੋਗਾ ਜ਼ਿਲ੍ਹੇ ਵਿੱਚ ਦੋ ਪੰਚਾਇਤਾਂ ਦੀਆਂ ਚੋਣਾਂ ਬਾਰੇ ਕਮਿਸ਼ਨ ਨੇ ਕਿਹਾ ਹੈ ਕਿ ਚੋਣ ਰੱਦ ਕਰਨਾ ਡਿਪਟੀ ਕਮਿਸ਼ਨਰ ਦਾ ਅਧਿਕਾਰ ਹੀ ਨਹੀਂ, ਇਹ ਫੈਸਲਾ ਚੋਣ ਕਮਿਸ਼ਨ ਨੇ ਲੈਣਾ ਹੁੰਦਾ ਹੈ।



ਘਟਨਾ ਦੀ ਜਾਣਕਾਰੀ ਹਾਸਲ ਕਰਦੇ ਹੋਏ ਡਿਪਟੀ ਕਮਿਸ਼ਨਰ ਸੰਦੀਪ ਹੰਸ, ਐੱਸਐੱਸਪੀ ਗੁਲਨੀਤ ਸਿੰਘ ਖੁਰਾਣਾ ਤੇ ਹੋਰ ਅਧਿਕਾਰੀ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਚਾਇਤੀ ਚੋਣਾਂ ਤੋਂ ਪਹਿਲਾਂ ਪੂਰੇ ਰਾਜ ਵਿੱਚ ਵੱਡੇ ਪੱਧਰ 'ਤੇ ਸਰਕਾਰੀ ਦਖਲ, ਬੇਨਿਯਮੀਆਂ ਤੇ ਧੱਕੇਸ਼ਾਹੀ ਦੇ ਦੋਸ਼ ਲਾ ਕੇ ਕਿਹਾ ਕਿ ਆਜ਼ਾਦ ਤੇ ਨਿਰਪੱਖ ਚੋਣਾਂ ਦੇ ਮਾਹੌਲ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੂਰੀ ਤਰ੍ਹਾਂ ਗੰਧਲਾ ਕਰ ਦਿੱਤਾ ਹੈ। ਉਨ੍ਹਾ ਦੋਸ਼ ਲਾਇਆ ਕਿ ਹਾਕਮ ਧਿਰ ਦੀ ਹਮਾਇਤ ਵਾਲੇ ਉਮੀਦਵਾਰਾਂ ਦੀ ਮਦਦ ਲਈ ਸਰਕਾਰੀ ਤੰਤਰ ਜ਼ੋਰ ਲਾ ਰਿਹਾ ਹੈ। ਔਰਤਾਂ ਅਤੇ ਅਨੁਸੂਚਿਤ ਜਾਤਾਂ ਲਈ ਰਿਜ਼ਰਵ ਹਲਕਿਆਂ ਦੀ ਨਿਸ਼ਾਨਦੇਹੀ ਹਾਕਮ ਪਾਰਟੀ ਦੇ ਆਗੂਆਂ ਦੇ ਕਹੇ ਉਤੇ ਹੋਈ ਹੈ। ਸੀਨੀਅਰ ਅਕਾਲੀ ਆਗੂ ਤੇ ਪਾਰਲੀਮੈਂਟ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਦੱਸਿਆ ਕਿ ਲਹਿਰਾਗਾਗਾ ਹਲਕੇ ਦੇ ਅਕਾਲੀ ਪੰਚਾਂ ਸਰਪੰਚਾਂ ਨੂੰ ਕਾਗਜ਼ ਦਾਖਲ ਨਹੀਂ ਕਰਨ ਦਿੱਤੇ ਗਏ ਤੇ ਕਾਂਗਰਸੀ ਉਮੀਦਵਾਰਾਂ ਦੇ ਕਾਗਜ਼ ਸ਼ਾਮ 6 ਵਜੇ ਤੱਕ ਦਾਖਲ ਹੁੰਦੇ ਰਹੇ ਹਨ।

# ਹਰਿਆਣਾ ਦੀਆਂ ਪੰਜ ਨਗਰ ਨਿਗਮ ਚੋਣਾਂ ਵਿੱਚ ਹਰ ਥਾਂ ਭਾਜਪਾ ਦੇ ਮੇਅਰ ਚੁਣੇ ਗਏ

ਚੰਡੀਗੜ੍ਹ, 19 ਦਸੰਬਰ, (ਪੋਸਟ ਬਿਊਰੋ)- ਹਰਿਆਣਾ ਵਿੱਚ ਪੰਜ ਨਗਰ ਨਿਗਮਾਂ ਲਈ ਹੋਈਆਂ ਚੋਣਾਂ ਵਿੱਚ ਭਾਜਪਾ ਨੇ ਸਾਰੇ ਥਾਂਈਂ ਮੇਅਰ ਦੇ ਅਹੁਦੇ ਉੱਤੇ ਕਬਜ਼ਾ ਕਰ ਲਿਆ ਹੈ। ਪੰਜਾਂ ਜ਼ਿਲਿਆਂ ਪਾਣੀਪਤ, ਕਰਨਾਲ, ਹਿਸਾਰ, ਯਮੁਨਾ ਨਗਰ ਅਤੇ ਰੋਹਤਕ ਦੇ ਨਤੀਜੇ ਵਿੱਚ ਸਾਰੇ ਥਾਂਈਂ ਭਾਜਪਾ ਜੇਤੂ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਪਾਣੀਪਤ ਤੋਂ ਭਾਜਪਾ ਵੱਲੋਂ ਉਮੀਦਵਾਰ ਅਵਨੀਤ ਕੌਰ ਨੇ ਮੇਅਰ ਦੀ ਚੋਣ ਜਿੱਤੀ ਹੈ। ਰੋਹਤਕ ਵਿਚ ਮੇਅਰ ਲਈ ਭਾਜਪਾ ਉਮੀਦਵਾਰ ਮਨਮੋਹਨ ਗੋਇਲ ਜਿੱਤੇ ਹਨ। ਕਰਨਾਲ 'ਚ ਨਗਰ ਨਿਗਮ ਮੇਅਰ ਲਈ ਉਮੀਦਵਾਰ ਭਾਜਪਾ ਦੀ ਸਹਿਯੋਗੀ ਰੇਣੂ ਬਾਲਾ ਜਿੱਤ ਗਈ ਹੈ। ਹਿਸਾਰ ਵਿਚ ਭਾਜਪਾ ਦੇ ਗੌਤਮ ਸਰਦਾਨਾ ਅਤੇ ਯਮੁਨਾ ਨਗਰ ਵਿਚ ਮਦਨ ਚੌਹਾਨ ਜੇਤੂ ਰਹੇ ਹਨ। ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਇਸ ਜਿੱਤ ਲਈ ਇਸ ਰਾਜ ਦੀ ਜਨਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਾਡੇ 4 ਸਾਲਾਂ ਦੇ ਚੰਗੇ ਕੰਮਾਂ ਦਾ ਨਤੀਜਾ ਹੈ। ਇਸ ਵਾਰ ਨਗਰ ਨਿਗਮ ਚੋਣਾਂ ਵਿਚ ਕਰੀਬ 70 ਫੀਸਦੀ ਵੋਟਿੰਗ ਹੋਈ ਤੇ ਇਨ੍ਹਾਂ ਚੋਣਾਂ ਵਿਚ 734 ਉਮੀਦਵਾਰਾਂ ਦੀ ਕਿਸਮਤ ਦਾਅ ਉੱਤੇ ਲੱਗੀ ਸੀ, ਜਿਨ੍ਹਾਂ ਵਾਸਤੇ ਬੀਤੀ 16 ਦਸੰਬਰ ਨੂੰ ਵੋਟਾਂ ਪਈਆਂ ਸਨ। ਨਗਰ ਨਿਗਮ ਅਤੇ ਨਗਰ ਪਾਲਿਕਾ ਮੈਂਬਰਾਂ ਲਈ ਵੋਟਿੰਗ 136 ਵਾਰਡਾਂ ਵਿੱਚ ਹੋਈ ਸੀ

# ਭਗੌੜੇ ਬੀ ਡੀ ਪੀ ਓ ਨੇ ਪੰਚਾਇਤ ਮੰਤਰੀ ਦੇ ਹਲਕੇ ਵਿੱਚ ਸ਼ਰਨ ਜਾ ਲਈ

ਮੋਗਾ, 19 ਦਸੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਜ਼ਮੀਨ ਐਕਵਾਇਰ ਕਰਨ ਲਈ ਭੇਜੀ ਲੱਖਾਂ ਰੁਪਏ ਗਰਾਂਟ ਵਿੱਚ ਗਬਨ ਕਰਨ ਦੇ ਦੋਸ਼ ਵਿੱਚ ਅਦਾਲਤ ਵੱਲੋਂ ਬੀ ਡੀ ਪੀ ਓ ਜਸਪ੍ਰੀਤ ਸਿੰਘ ਤੇ ਮਹਿਲਾ ਅਕਾਲੀ ਸਰਪੰਚ ਸਰਬਜੀਤ ਕੌਰ ਨੂੰ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ। ਕਰੀਬ ਦੋ ਮਹੀਨੇ ਪਹਿਲਾ ਦੋਸ਼ੀ ਬੀ ਡੀ ਪੀ ਓ ਜਸਪ੍ਰੀਤ ਸਿੰਘ ਨੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਹਲਕੇ ਫਤਹਿਗੜ੍ਹ ਚੂੜੀਆਂ ਵਿੱਚ ਬੀ ਡੀ ਪੀ ਓ ਅਹੁਦੇ ਉੱਤੇ ਬਦਲੀ ਕਰਵਾ ਲਈ ਹੈ। ਇਸ ਦਾ ਪਤਾ ਹੋਣ ਦੇ ਬਾਵਜੂਦ ਮੋਗਾ ਪੁਲਸ ਉਸ ਨੂੰ ਉਥੋਂ ਗ੍ਰਿਫਤਾਰ ਨਹੀਂ ਕਰ ਸਕੀ। ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਕੋਲ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਹੈ।

ਵਰਨਣ ਯੋਗ ਹੈ ਕਿ ਸਾਲ 2017 ਵਿੱਚ ਨੈਸ਼ਨਲ ਹਾਈਵੇ ਨੰਬਰ71 ਦੇ ਲਈ ਜ਼ਮੀਨ ਐਕਵਾਇਰ ਕਰਨ ਵਾਸਤੇ ਕੇਂਦਰ ਸਰਕਾਰ ਨੇ ਬੱਧਨੀ ਕਲਾਂ ਬਲਾਕ ਨੂੰ ਲੱਖਾਂ ਰੁਪਏ ਗਰਾਂਟ ਭੇਜੀ ਸੀ। ਇਸ ਵਿੱਚੋਂ ਪਿੰਡ ਧੂੜਕੋਟ ਕਲਾਂ ਦੀ ਮਹਿਲਾ ਅਕਾਲੀ ਸਰਪੰਚ ਸਰਬਜੀਤ ਕੌਰ, ਪੰਚਾਇਤ ਸਕੱਤਰ ਕਰਮ ਸਿੰਘ ਅਤੇ ਬੀ ਡੀ ਪੀ ਓ ਜਸਪ੍ਰੀਤ ਸਿੰਘ ਨੇ ਆਪੋ ਵਿੱਚ ਮਿਲ ਕੇ ਕਰੀਬ 58.55 ਲੱਖ ਰੁਪਏ ਆਪਣੇ ਅਤੇ ਕੁਝ ਹੋਰ ਲੋਕਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕਰ ਲਏ। ਮੁੱਦਾ ਭਖਣ ਉੱਤੇ ਜ਼ਿਲਾ ਪੰਚਾਇਤ ਅਫਸਰ ਨੇ ਜਾਂਚ ਕੀਤੀ ਤਾਂ ਦੋਸ਼ ਸਹੀ ਨਿਕਲਣ ਉੱਤੇ ਸਰਕਾਰ ਨੇ ਤਿੰਨਾਂ ਦੋਸ਼ੀਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਸਸਪੈਂਡ ਕਰ ਦਿੱਤਾ ਸੀ। ਡੀ ਏ ਲੀਗਲ ਦੀ ਰਾਏ ਲੈਣ ਦੇ ਬਾਅਦ ਛੇ ਸਤੰਬਰ 2017 ਨੂੰ ਥਾਣਾ ਅਜੀਤਵਾਲ ਵਿੱਚ ਪੁਲਸ ਨੇ ਦੋਸ਼ੀ ਬੀ ਡੀ ਪੀ ਓ, ਸਰਪੰਚ ਅਤੇ ਪੰਚਾਇਤ ਸਕੱਤਰ ਦੇ ਖਿਲਾਫ ਗਬਨ ਦਾ ਕੇਸ ਦਰਜ ਕੀਤਾ ਸੀ। ਇਸ ਕੇਸ ਵਿੱਚ ਪੰਚਾਇਤ ਸਕੱਤਰ ਕਰਮ ਸਿੰਘ ਨੂੰ ਗ੍ਰਿਫਤਾਰ ਕਰਕੇ ਪੁਲਸ ਜੇਲ੍ਹ ਵਿੱਚ ਭੇਜ ਚੁੱਕੀ ਹੈ। ਦੋਸ਼ੀ ਬੀ ਡੀ ਪੀ ਓ ਅਤੇ ਮਹਿਲਾ ਸਰਪੰਚ ਦੀ ਗ੍ਰਿਫਤਾਰੀ ਨਹੀਂ ਹੋਈ। ਆਪਣੇ ਬਚਾਅ ਲਈ ਦੋਸ਼ੀ ਸਰਪੰਚ ਅਤੇ ਬੀ ਡੀ ਪੀ ਓ ਨੇ ਹਾਈ ਕੋਰਟ ਵਿੱਚ ਜ਼ਮਾਨਤ ਅਰਜ਼ੀ ਦਿੱਤੀ ਤਾਂ ਅਦਾਲਤ ਰੱਦ ਕਰ ਦਿੱਤੀ ਤਾਂ ਹੇਠਲੀ ਅਦਾਲਤ ਨੇ ਦੋਵਾਂ ਨੂੰ ਭਗੌੜਾ ਕਰਾਰ ਦੇ ਦਿੱਤਾ। ਦੋਸ਼ੀ ਬੀ ਡੀ ਪੀ ਓ ਜਸਪ੍ਰੀਤ ਸਿੰਘ ਨੇ ਫਤਹਿਗੜ੍ਹ ਚੂੜੀਆਂ ਵਿੱਚ ਜੁਆਇਨ ਕਰ ਲਈ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਐਮਾਜ਼ੋਨ ਨੂੰ ਕਾਨੂੰਨੀ ਨੋਟਿਸ ਮਗਰੋਂ ਕੰਪਨੀ ਨੇ ਮੁਆਫੀ ਮੰਗੀ

## * ਮਾਮਲਾ ਟਾਇਲੇਟ ਸੀਟ ਉੱਤੇ ਦਰਬਾਰ ਸਾਹਿਬ ਦੀ ਤਸਵੀਰ ਦਾ

ਅੰਮ੍ਰਿਤਸਰ, 19 ਦਸੰਬਰ, (ਪੋਸਟ ਬਿਊਰੋ)- ਸੰਸਾਰ ਪ੍ਰਸਿੱਧ ਈ-ਕਾਮਰਸ ਕੰਪਨੀ ਐਮਾਜ਼ੋਨ ਵੱਲੋਂ ਵੇਚੇ ਜਾਂਦੇ ਸਾਮਾਨ ਵਿਚ ਇਕ ਟਾਇਲੇਟ ਸੀਟ ਉੱਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਮੈਟ ਦਿਖਾਉਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਨੋਟਿਸ ਲੈਂਦਿਆਂ ਕੰਪਨੀ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ। ਇਸ ਦੌਰਾਨ ਕੰਪਨੀ ਦੇ ਖ਼ਿਲਾਫ਼ ਕਾਰਵਾਈ ਲਈ ਪੁਲੀਸ ਕੋਲ ਸ਼ਿਕਾਇਤ ਵੀ ਕਰ ਦਿੱਤੀ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਇਸ ਸਬੰਧ ਵਿੱਚ ਇਸ ਕੰਪਨੀ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਉਨ੍ਹਾਂ ਦੱਸਿਆ ਕਿ ਕੰਪਨੀ ਵੱਲੋਂ ਵੇਚੀ ਜਾਂਦੀ ਫਿਲੀਫੋਮ ਯੂਨੀਵਰਸਲ ਟਾਇਲਟ ਸੀਟ ਬਾਰੇ ਇਸ ਕੰਪਨੀ ਦੀ ਵੈਬਸਾਈਟ ਉੱਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਮੈਟ ਵਾਲੀ ਫਲੱਸ਼ ਸੀਟ ਦਿਖਾਈ ਗਈ ਹੈ। ਮੁੱਖ ਸਕੱਤਰ ਨੇ ਕਿਹਾ ਕਿ ਇਸ ਕੰਪਨੀ ਦੀ ਇਹ ਕਾਰਵਾਈ ਸਿੱਖਾਂ ਦੇ ਹਿਰਦਿਆਂ ਨੂੰ ਠੇਸ ਲਾਉਣ ਵਾਲੀ ਹੈ ਅਤੇ ਇਸ ਨੂੰ ਕਿਸੇ ਕੀਮਤ ਉੱਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਬਾਰੇ ਦੇਸ਼ ਵਿਦੇਸ਼ ਤੋਂ ਸਿੱਖ ਸੰਗਤ ਨੇ ਸਖ਼ਤ ਇਤਰਾਜ਼ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਪੁਲੀਸ ਕਮਿਸ਼ਨਰ ਨੂੰ ਸ਼ਿਕਾਇਤ ਵੀ ਭੇਜੀ ਹੈ ਤਾਂ ਜੋ ਕੰਪਨੀ ਦੇ ਖ਼ਿਲਾਫ਼ ਪੁਲੀਸ ਕਾਰਵਾਈ ਹੋ ਸਕੇ ਅਤੇ ਕੰਪਨੀ ਨੂੰ ਕਾਨੂੰਨੀ ਨੋਟਿਸ ਵੀ ਭੇਜ ਦਿੱਤਾ ਹੈ, ਜਿਸ ਵਿੱਚ ਇਸ ਵੈੱਬਸਾਈਟ ਤੋਂ ਇਸ ਉਤਪਾਦ ਦੀ ਤਸਵੀਰ ਹਟਾਉਣ ਅਤੇ ਇਸ ਕਾਰਵਾਈ ਲਈ ਸਿੱਖ ਜਗਤ ਤੋਂ ਮੁਆਫ਼ੀ ਮੰਗਣ ਨੂੰ ਕਿਹਾ ਗਿਆ ਹੈ। ਜੇ ਏਦਾਂ ਨਹੀਂ ਕੀਤਾ ਜਾਂਦਾ ਤਾਂ ਸ਼੍ਰੋਮਣੀ ਕਮੇਟੀ ਇਸ ਕੰਪਨੀ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਵੀ ਪੱਤਰ ਭੇਜਿਆ ਗਿਆ ਹੈ।

ਇਸ ਦੌਰਾਨ ਅਮਰੀਕਾ ਦੀ ਜਥੇਬੰਦੀ ਸਿੱਖ ਕੋਲੀਸ਼ਨ ਦੇ ਆਗੂ ਸਿਮ ਸਿੰਘ ਨੇ ਐਮਾਜ਼ੋਨ ਕੰਪਨੀ ਦੇ ਸੀ ਈ ਓ ਜੈੱਫ ਬੇਜ਼ੋਸ ਅਤੇ ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਕੌਂਸਲ ਡੇਵਿਡ ਜੇਪੋਲਸਕੀ ਨੂੰ ਇਸ ਬਾਰੇ ਪੱਤਰ ਲਿਖ ਕੇ ਇਸ ਇਤਰਾਜ਼ ਯੋਗ ਸਾਮਾਨ ਨੂੰ ਆਪਣੀ ਵੈੱਬਸਾਈਟ ਤੋਂ ਹਟਾਉਣ ਨੂੰ ਕਿਹਾ ਹੈ।

ਬਾਅਦ ਦੀ ਖਬਰ ਹੈ ਕਿ ਕੰਪਨੀ ਨੇ ਇਹ ਸੀਟ ਆਪਣੀ ਵੈੱਬਸਾਈਟ ਤੋਂ ਹਟਾ ਲਈ ਅਤੇ ਮੁਆਫੀ ਮੰਗੀ ਹੈ।

# ਜੰਮੂ-ਕਸ਼ਮੀਰ ਵਿਚ ਬਾਕਾਇਦਾ ਤੌਰ ਉੱਤੇ ਰਾਸ਼ਟਰਪਤੀ ਰਾਜ ਲਾਗੂ



ਨਵੀਂ ਦਿੱਲੀ, 19 ਦਸੰਬਰ, (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿਚ ਛੇ ਮਹੀਨੇ ਗਵਰਨਰੀ ਰਾਜ ਪੂਰਾ ਹੋਣ ਪਿੱਛੋਂ ਅੱਜ ਅੱਧੀ ਰਾਤ ਤੋਂ ਰਾਸ਼ਟਰਪਤੀ ਰਾਜ ਸ਼ੁਰੂ ਹੋ ਗਿਆ ਹੈ। ਇਸ ਨਾਲ ਅਤਿਵਾਦ ਤੇ ਹਿੰਸਾ ਦੀ ਲਪੇਟ ਵਿਚ ਆਏ ਇਸ ਰਾਜ ਦੇ ਸਾਰੇ ਨੀਤੀ ਫ਼ੈਸਲੇ ਕੇਂਦਰ ਸਰਕਾਰ ਵਲੋਂ ਲਏ ਜਾਣ ਦਾ ਰਸਤਾ ਸਾਫ਼ ਹੋ ਗਿਆ ਹੈ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੇ ਆਰਡਰ 'ਤੇ ਦਸਤਖ਼ਤ ਕਰ ਦਿੱਤੇ ਹਨ।

ਵਰਨਣ ਯੋਗ ਹੈ ਕਿ ਜੰਮੂ ਕਸ਼ਮੀਰ ਵਿਚ ਪਿਛਲੇ ਜੂਨ ਵਿੱਚ ਓਦੋਂ ਸਿਆਸੀ ਸੰਕਟ ਆਇਆ ਸੀ, ਜਦੋਂ ਮਹਿਬੂਬਾ ਮੁਫ਼ਤੀ ਦੀ ਅਗਵਾਈ ਵਾਲੀ ਸਾਂਝੀ ਸਰਕਾਰ ਤੋਂ ਭਾਜਪਾ ਨੇ ਹਮਾਇਤ ਵਾਪਸ ਲਈ ਤੇ ਸਰਕਾਰ ਡਿੱਗ ਪਈ ਸੀ। ਇਸ ਸੰਬੰਧ ਵਿੱਚ ਗਵਰਨਰ ਸੱਤਿਆਪਾਲ ਮਲਿਕ ਦੀ ਰਿਪੋਰਟ ਮਿਲਣ ਪਿੱਛੋਂ ਅੱਜ ਰਾਸ਼ਟਰਪਤੀ ਵੱਲੋਂ ਗਜ਼ਟ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਿਸ ਵਿਚ ਕਿਹਾ ਗਿਆ ਹੈ, 'ਭਾਰਤ ਦੇ ਸੰਵਿਧਾਨ ਦੀ ਧਾਰਾ 356 ਹੇਠ ਮੈਂ ਨਿਰਦੇਸ਼ ਦਿੰਦਾ ਹਾਂ ਕਿ ਜੰਮੂ ਕਸ਼ਮੀਰ ਸਰਕਾਰ ਦੇ ਗਵਰਨਰ ਵਲੋਂ ਕੀਤੇ ਜਾਂਦੇ ਸਾਰੇ ਕਾਰਜ ਤੇ ਵਰਤੀਆਂ ਜਾਂਦੀਆਂ ਸਾਰੀਆਂ ਸ਼ਕਤੀਆਂ ਰਾਸ਼ਟਰਪਤੀ ਦੀ ਨਿਗਰਾਨੀ, ਨਿਰਦੇਸ਼ਾਂ ਅਤੇ ਕੰਟਰੋਲ ਹੇਠ ਆ ਜਾਣਗੀਆਂ ਤੇ ਇਹ ਰਾਜ ਦੇ ਗਵਰਨਰ ਵਲੋਂ ਕਾਰਜਸ਼ੀਲ ਵੀ ਰਹਿਣਗੀਆਂ।' ਗਵਰਨਰ ਸੱਤਿਆਪਾਲ ਮਲਿਕ ਵਲੋਂ ਰਾਜ ਵਿਚ ਕੇਂਦਰੀ ਰਾਜ ਲਾਗੂ ਕਰਨ ਦੀ ਸਿਫਾਰਸ਼ ਭੇਜ ਦੇਣ ਪਿੱਛੋਂ ਬੀਤੇ ਸੋਮਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰ ਸਰਕਾਰ ਨੇ ਇਸ 'ਤੇ ਫ਼ੈਸਲਾ ਲਿਆ ਸੀ। ਜੰਮੂ ਕਸ਼ਮੀਰ ਦਾ ਵੱਖਰਾ ਸੰਵਿਧਾਨ ਹੋਣ ਕਰ ਕੇ ਇਸ ਦੀ ਧਾਰਾ 92 ਹੇਠ ਛੇ ਮਹੀਨਿਆਂ ਲਈ ਗਵਰਨਰੀ ਰਾਜ ਲਾਗੂ ਕੀਤਾ ਜਾ ਸਕਦਾ ਹੈ, ਫਿਰ ਚੋਣਾਂ ਕਰਾਉਣੀਆਂ ਜਾਂ ਰਾਸ਼ਟਰਪਤੀ ਰਾਜ ਲਾਗੂ ਕਰਨਾ ਪੈਂਦਾ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452.0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

"Quality is our strength."

SKYDOME GROUP OF COMPANIES



Daljit Singh President

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Tol Free: 1-877-799-9878, www.skydomeauto.ca

Paramjit Deol Broker

CELL: 416-993-7378

7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

Business for Sale

TORONTO $99,000
Photo Not Available
2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

HALTON HILLS $179,000

148 Guelph St : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਬ੍ਰੈਂਡਡ ਪਿਜ਼ਾ ਸ਼ਾਪ ਜੋਰਜ ਟਾਉਨ ਵਿੱਚ, ਸਕੂਲ ਦੇ ਨੇੜੇ, ਬਹੁਤ ਹੀ ਘੱਟ ਰੈਂਟ ਸਿਰਫ $2,978, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

BRAMPTON $199,000

545 Steeles Ave W : ਬਹੁਤ ਹੀ ਵਧੀਆ ਚੱਲ ਰਿਹਾ ਰੈਸਟੋਰੈਂਟ, ਸ੍ਵਵਰਮਾ ਹਾਉਸ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋਂ, ਸ਼ੇਰਿਡਨ ਕਾਲਜ ਦੇ ਨੇੜੇ, 2009 ਤੋਂ ਚਲ ਰਿਹਾ ਬਹੁਤ ਹੀ ਘੱਟ ਰੈਂਟ, $2,500 ਤੇ ਸੇਲ $30,00 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900

255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ

BRAMPTON $199,000
Photo Not Available
8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $229,000

2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜ਼ਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

BRAMPTON $240,000
Photo Not Available
15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੌਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000

15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000

118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

WOODSTOCK $599,900

703 Spitfire St: ਬਰੈਂਟਫੋਰਡ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4+2 ਬੈਡਰੂਮ ਅਤੇ 4 ਵਾਸ਼ਰੂਮ ਘਰ। ਮਾਡਰਨ ਕਿਚਨ, ਮਾਸਟਰ ਬੈਡਰੂਮ ਨੂੰ 5 ਪਿਸ ਇੰਸੂਟ, ਸਟੇਨਲੈਸ ਸਟੀਲ ਅਪਲਾਂਇੰਸਸ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900

3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੌਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000

29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $899,000

Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000
Photo Not Available
18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999

Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਕੈਨੇਡਾ ਦੀ ਸਰਕਾਰ ਵੱਲੋਂ ਕੈਨੇਡਾ ਵਾਸੀਆਂ ਦੇ ਹਵਾਈ ਸਫ਼ਰ ਦੌਰਾਨ ਨਵੇਂ ਬਚਾਅ ਅਧਿਕਾਰਾਂ ਲਈ ਚੁੱਕੇ ਗਏ ਕਦਮ

ਬਰੈਂਪਟਨ, -ਟਰਾਂਸਪੋਰਟ ਮਨਿਸਟਰ ਮਾਣਯੋਗ ਮਾਰਕ ਗਾਰਨਿਊ ਨੇ ਐਲਾਨ ਕੀਤਾ ਹੈ ਕਿ ਕੈਨੇਡਾ ਸਰਕਾਰ ਕੈਨੇਡਾ-ਵਾਸੀਆਂ ਲਈ ਉਨ੍ਹਾਂ ਦੇ ਹਵਾਈ ਸਫ਼ਰ ਦੌਰਾਨ ਨਵੇਂ ਅਧਿਕਾਰ ਦੇਣ ਲਈ ਇਕ ਕਦਮ ਨੇੜੇ ਹੈ। ਕੈਨੇਡੀਅਨ ਟਰਾਂਸਪੋਰਟ ਏਜੰਸੀ ਦੁਆਰਾ ਲਿਆਂਦੇ ਗਏ ਨਵੇਂ 'ਏਅਰ ਪੈਸੰਜਰਜ਼ ਪ੍ਰੋਟੈੱਕਸ਼ਨ ਰੈਗੂਲੇਸ਼ਨਜ਼' ਕੈਨੇਡਾ ਦੀ ਗ਼ਜ਼ਟ ਦੇ ਪਹਿਲੇ ਭਾਗ ਵਿਚ 22 ਦਸੰਬਰ 2018 ਨੂੰ ਛਪ ਜਾਣਗੇ ਅਤੇ ਇਨ੍ਹਾਂ ਉੱਪਰ 60 ਦਿਨਾਂ ਤੱਕ ਆਖ਼ਰੀ ਪਬਲਿਕ ਕੋਮੈਂਟਸ ਦਿੱਤੇ ਜਾ ਸਕਦੇ ਹਨ।

ਇਸ ਦੇ ਬਾਰੇ ਆਪਣਾ ਪ੍ਰਤੀਕਰਮ ਜਾਰੀ ਕਰਦਿਆਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ,"ਸਾਡੀ ਸਰਕਾਰ ਕੈਨੇਡਾ ਦੇ ਹਵਾਈ ਸਫ਼ਰ ਕਰਨ ਵਾਲਿਆਂ ਦੇ ਨਾਲ ਖੜੀ ਹੈ ਤਾਂ ਜੋ ਉਨ੍ਹਾਂ ਨੂੰ ਸਫ਼ਰ ਦੌਰਾਨ ਕਿਸੇ ਕਿਸਮ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ ਅਤੇ ਉਨ੍ਹਾਂ ਨੂੰ ਪੂਰਾ ਮਾਣ-ਸਤਿਕਾਰ ਵੀ ਮਿਲੇ। ਕੈਨੇਡਾ-ਵਾਸੀਆਂ ਨੂੰ ਜਦੋਂ ਹਵਾਈ ਉਡਾਨਾਂ ਵਿਚ ਹੋਣ ਵਾਲੀ ਦੇਰੀ, ਬੋਰਡਿੰਗ ਤੋਂ ਇਨਕਾਰ ਅਤੇ ਬੈਗਾਂ ਦੇ ਗੁਆਚ ਜਾਣ ਵਾਲੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਇਨ੍ਹਾਂ ਸਬੰਧੀ ਪੂਰਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਕੀ ਅਧਿਕਾਰ ਹਨ ਅਤੇ ਇਨ੍ਹਾਂ ਹਾਲਤਾਂ ਵਿਚ ਉਨ੍ਹਾਂ ਨੂੰ ਕੀ ਇਵਜ਼ਾਨਾ ਮਿਲ ਸਕਦਾ ਹੈ।"

'ਟਰਾਂਸਪੋਰਟ ਮੌਡਰਨਾਈਜ਼ੇਸ਼ਨ ਐਕਟ' ਨੇ ਸਬੰਧਿਤ ਏਜੰਸੀ ਲਈ ਹਵਾਈ ਮੁਸਾਫ਼ਰਾਂ ਲਈ ਨਵੇਂ ਕਾਨੂੰਨ ਬਨਾਉਣਾ ਲਾਜ਼ਮੀ ਕਰਾਰ ਦੇ ਦਿੱਤਾ ਹੈ ਜੋ ਸਾਫ਼-ਸੁਥਰੇ, ਪਾਰਦਰਸ਼ੀ, ਪ੍ਰਸੰਗਕ ਅਤੇ ਮੁਸਾਫ਼ਰਾਂ ਦੇ ਹਿੱਤ ਵਿਚ ਹੋਣਗੇ। ਕਈ ਮਹੀਨਿਆਂ ਦੇ ਆਪਸੀ ਸਲਾਹ-ਮਸ਼ਵਰੇ ਪਿੱਛੋਂ ਬਣੇ ਕਾਨੂੰਨਾਂ ਤੋਂ ਬਾਅਦ ਕੈਨੇਡਾ-ਵਾਸੀਆਂ ਨੂੰ ਮੌਕਾ ਮਿਲੇਗਾ ਕਿ ਉਹ ਇਨ੍ਹਾਂ ਉੱਪਰ ਆਪਣੀ ਰਾਇ ਦੇ ਸਕਣ। 22 ਦਸੰਬਰ ਨੂੰ ਕੈਨੇਡਾ-ਵਾਸੀ 'ਕੈਨੇਡਾ ਗ਼ਜ਼ਟ ਪਾਰਟ-1' 'ਤੇ ਜਾ ਕੇ ਟਰਾਂਸਪੋਰਟ ਕੈਨੇਡਾ ਵੱਲੋਂ ਬਣਾਏ ਗਏ ਕਾਨੂੰਨਾਂ ਬਾਰੇ ਏਅਰ ਸਰਵਿਸ ਪ੍ਰੋਵਾਈਡਰਾਂ ਕੋਲੋਂ ਏਅਰ ਟਰੈਵਲ ਪ੍ਰਫ਼ਾਰਮੈਂਸ ਡਾਟੇ ਸਬੰਧੀ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਹਨ। ਇਹ ਡਾਟਾ ਸਰਵਿਸ ਪ੍ਰੋਵਾਈਡਰਾਂ, ਜਿਵੇਂ ਕਿ ਏਅਰਪੋਰਟ ਅਥਾਰਿਟੀਜ਼, ਕੈਨੇਡੀਅਨ ਏਅਰਪੋਰਟ ਸਕਿਉਰਿਟੀ ਅਤੇ ਐੱਨ.ਏ.ਵੀ. ਕੋਲੋਂ ਆਨ-ਟਾਈਮ ਪ੍ਰਫ਼ਾਰਮੈਂਸ ਅਤੇ ਸਕਿਉਰਿਟੀ ਵੇਟ ਟਾਈਮ ਵਰਗੇ ਖ਼ੇਤਰਾਂ ਵਿਚ ਇਕੱਠਾ ਕੀਤਾ ਜਾਏਗਾ ਅਤੇ ਇਹ ਹਵਾਈ ਸਫ਼ਰ ਦੀ ਸਮੁੱਚੀ ਤਸਵੀਰ ਪੇਸ਼ ਕਰੇਗਾ ਜਿਸ ਨਾਲ ਕੈਨੇਡਾ-ਵਾਸੀ ਹਵਾਈ ਮੁਸਾਫ਼ਰਾਂ ਲਈ ਬਣਾਏ ਗਏ ਨਵੇਂ ਕਾਨੂੰਨਾਂ ਨਾਲ ਪੈਣ ਵਾਲੇ ਅਸਰ ਦਾ ਸਹੀ ਮੁਲਾਂਕਣ ਕਰ ਸਕਣਗੇ।

# ਸੱਜਣ ਕੁਮਾਰ ਤੋਂ ਬਾਅਦ 1984 ਸਿੱਖ ਕਤਲੇਆਮ ਦੇ ਰਹਿੰਦੇ ਦੋਸ਼ੀਆਂ ਨੂੰ ਵੀ ਸਖਤ ਸਜ਼ਾਵਾਂ ਹੋਣ : ਬਖਸ਼ੀ

## ਜਾਂਚ-ਪੜ੍ਹਤਾਲ ਲਈ ਭਾਰਤ ਸਰਕਾਰ ਅਤੇ ਦ੍ਰਿੜ ਨਿਆਂ ਲਈ ਦਿੱਲੀ ਹਾਈਕੋਰਟ ਦਾ ਧੰਨਵਾਦ ਕੀਤਾ

ਆਕਲੈਂਡ, 19 ਦਸੰਬਰ (ਹਰਜਿੰਦਰ ਸਿੰਘ ਬਸਿਆਲਾ)-ਨਿਊਜ਼ੀਲੈਂਡ ਸੰਸਦ ਮੈਂਬਰ ਸ. ਕੰਵਲਜੀਤ ਸਿੰਘ ਬਖਸ਼ੀ ਨੇ 1984 ਸਿੱਖ ਕਤਲੇਆਮ ਦੇ ਮੁੱਖ ਦੋਸ਼ੀਆਂ ਵਿਚੋਂ ਇਕ ਸੱਜਣ ਕੁਮਾਰ ਨੂੰ 34 ਸਾਲਾਂ ਬਾਅਦ ਸੀਖਾਂ ਪਿੱਛੇ ਭੇਜਣ ਦੇ ਦਿੱਲੀ ਹਾਈਕੋਰਟ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਭਾਰਤ ਸਰਕਾਰ ਖਾਸ ਕਰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਵੀ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਵਿਸ਼ੇਸ਼ ਜਾਂਚ ਪੜ੍ਹਤਾਲ ਟੀਮ (ਐਸ. ਆਈ. ਟੀ) ਬਨਾਉਣ ਦੀ ਮੰਗ ਪੂਰਾ ਕਰਦਿਆਂ ਸੀ.ਬੀ. ਆਈ. ਨੂੰ ਇਸ ਮਾਮਲੇ ਵਿਚ ਮੁੜ ਦਖਲ ਅੰਦਾਜੀ ਕਰਕੇ ਕੇਸ ਦੀ ਪੈਰਵਾਈ ਕਰਨ ਦੀ ਮੰਗ ਨੂੰ ਮੰਨਿਆ।



ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਨੇ ਕਾਂਗਰਸ ਦੇ ਇਕ ਵੱਡੇ ਅਹੁਦੇ ਉਤੇ ਹੁੰਦਿਆਂ ਨਰਸੰਹਾਰ ਨੂੰ ਹੱਲ੍ਹਾਸ਼ੇਰੀ ਦੇਣ ਅਤੇ ਉਗਰੀ ਭੀੜ ਨੂੰ ਉਕਸਾਉਣ ਦਾ ਘੋਰ ਅਪਰਾਧ ਕੀਤਾ ਪਰ ਚਲਾਕੀ ਅਤੇ ਸਿਆਸੀ ਪੈਂਠ ਦੇ ਸਹਾਰੇ 34 ਸਾਲ ਬਚਦਾ ਰਿਹਾ। ਦਿੱਲੀ ਹਾਈਕੋਰਟ ਨੇ ਸਾਰੇ ਕੇਸ ਨੂੰ ਗੰਭੀਰਤਾ ਨਾਲ ਵਿਚਾਰਦਿਆਂ ਉਸਨੂੰ ਉਮਰ ਭਰ ਲਈ ਕੇਦ ਦੀ ਸਜ਼ਾ ਸੁਣਾਈ ਹੈ ਜੋ ਕਿ ਪੀੜ੍ਹਤ ਪਰਿਵਾਰਾਂ ਨੂੰ ਥੋੜ੍ਹਾ ਧਰਵਾਸ ਜਰੂਰ ਦੇਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਬਹੁਤ ਸਾਰੇ ਕਮਿਸ਼ਨ ਅਜਿਹੀ ਜਾਂਚ ਦੇ ਵਿਚ ਆਏ ਪਰ ਕਿਤੇ ਨਾ ਕਿਤੇ ਸਬੂਤਾਂ ਦੀ ਮਾਤਰਾ ਨੂੰ ਦਬਾ ਦਿੱਤਾ ਜਾਂਦਾ ਸੀ ਜਿਸ ਕਰਕੇ ਇਹ ਦੋਸ਼ੀ ਸਜ਼ਾ ਹੋਣ ਤੋਂ ਬਚ ਜਾਂਦਾ ਸੀ, ਆਖਿਰ ਨਿਆਂ ਵਿਭਾਗ ਨੇ ਆਪਣਾ ਫਰਜ ਪੂਰਾ ਕਰਦਿਆਂ ਉਦਾਹਰਣ ਸੈਟ ਕੀਤੀ ਹੈ ਜੋ ਕਿ ਸਲਾਹੁਣਯੋਗ ਹੈ। ਭਾਰਤ ਵਸਦੇ ਸਿੱਖ ਅਜੇ ਵੀ ਨਿਆਂ ਪ੍ਰਣਾਲੀ ਪ੍ਰਤੀ ਆਪਣੀ ਵਿਸ਼ਵਾਸ਼ਯੋਗਤਾ ਰੱਖ ਸਕਦੇ ਹਨ ਜੇਕਰ ਅਜਿਹੇ ਹੋਰ ਦੋਸ਼ੀਆਂ ਨੂੰ ਵੀ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਕੇ ਅੰਦਰ ਕੀਤਾ ਜਾਵੇ। 2700 ਤੋਂ ਉਪਰ ਸ਼ਨਾਖਤੀ ਸਿੱਖਾਂ ਨੂੰ ਇਸ ਦੌਰਾਨ ਮਾਰਿਆ ਗਿਆ ਹੈ ਜਦ ਕਿ ਸਜ਼ਾਵਾਂ ਸਿਰਫ ਚੰਦ ਕੁ ਸਿੱਖਾਂ ਦੀ ਮੌਤ ਲਈ ਜਿੰਮੇਵਾਰ ਠਹਿਰਾਏ ਗਏ ਦੋਸ਼ੀਆਂ ਨੂੰ ਹੋਈਆਂ, ਬਾਕੀਆਂ ਨੂੰ ਵੀ ਸਾਹਮਣੇ ਲਿਆ ਕੇ ਸਜ਼ਾਵਾਂ ਦੇਣੀਆਂ ਚਾਹੀਦਆਂ ਹਨ।

# ਕੈਨੇਡਾ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪਾਂ ਦਾ ਐਲਾਨ

## ਸਰੀ ਕਰੇਗਾ ਦੋ ਨੈਸ਼ਨਲਜ਼ ਦੀ ਮੇਜ਼ਬਾਨੀ

ਸੁਖਵੀਰ ਗਰੇਵਾਲ

ਸਰੀ:ਫੀਲਡ ਹਾਕੀ ਕੈਨੇਡਾ ਨੇ ਸਾਲ 2019 ਦੀਆਂ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪਾਂ ਦੀਆਂ ਤਾਰੀਖਾਂ ਅਤੇ ਮੇਜ਼ਬਾਨ ਸ਼ਹਿਰਾਂ ਦਾ ਐਲਾਨ ਕਰ ਦਿੱਤਾ ਹੈ। ਪਿਛਲੇ ਦੋ ਸਾਲ ਤੋਂ ਹੁੰਦੇ ਨੈਸ਼ਨਲ ਫੀਲਡ ਹਾਕੀ ਫੈਸਟੀਵਲ ਦਾ ਢਾਂਚਾ ਬਦਲ ਕੇ ਇਸ ਵਾਰ ਸਾਰੇ ਉਮਰ ਵਰਗਾਂ ਦੀਆਂ ਚੈਂਪੀਅਨਸ਼ਿਪਾਂ ਦੀ ਮੇਜ਼ਬਾਨੀ ਅਲੱਗ-ਅੱਲਗ ਸ਼ਹਿਰਾਂ ਨੂੰ ਦਿੱਤੀ ਗਈ ਹੈ। ਕੈਨੇਡਾ ਵਿੱਚ ਪਹਿਲੀ ਵਾਰ ਨੈਸ਼ਨਲ ਇਨਡੋਰ ਫੀਲਡ ਹਾਕੀ ਚੈਂਪੀਅਨਸ਼ਿਪ ਵੀ ਹੋਵੇਗੀ।

ਪਿਛਲੇ ਦੋ ਸਾਲਾਂ ਦੌਰਾਨ ਫੀਲਡ ਹਾਕੀ ਕੈਨੇਡਾ ਨੇ ਨੈਸ਼ਨਲ ਫੀਲਡ ਹਾਕੀ ਫੈਸਟੀਵਲ ਦੇ ਨਾਂ ਸਾਰੇ ਉਮਰ ਵਰਗਾਂ ਦੇ ਮੁਕਾਬਲੇ ਇੱਕੋ ਜਗ੍ਹਾ ਕਰਵਾਉਣ ਦਾ ਤਜ਼ਰਬਾ ਕੀਤਾ ਸੀ ਪਰ 2019 ਦੌਰਾਨ ਪੁਰਾਣੇ ਸਿਸਟਮ ਮੁਤਾਬਿਕ ਸਾਰੀਆਂ ਨੈਸ਼ਨਲਜ਼ ਹੋਣਗੀਆਂ। ਅੰਡਰ-15 ਉਮਰ ਵਰਗ ਦੀ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ 23 ਜੁਲਾਈ ਤੋਂ 28 ਜੁਲਾਈ ਤੱਕ ਕੈਲਗਰੀ ਵਿੱਚ ਹੋਵੇਗੀ। ਅੰਡਰ-18 ਉਮਰ ਵਰਗ ਦੀ ਕੌਮੀ ਚੈਂਪੀਅਨਸ਼ਿਪ 3 ਜੁਲਾਈ ਤੋਂ 9 ਜੁਲਾਈ ਤੱਕ ਸਰੀ ਵਿੱਚ ਹੋਵੇਗੀ ਜਦ ਕਿ ਅੰਡਰ-23 ਦੀ ਨੈਸ਼ਨਲ ਦੀ ਮੇਜ਼ਬਾਨੀ ਵੀ 28 ਜੂਨ ਤੋਂ ਪਹਿਲੀ ਜੁਲਾਈ ਤੱਕ ਸਰੀ ਹੀ ਕਰੇਗਾ।



ਕੈਨੇਡਾ ਦੇ ਬਹੁਤੇ ਹਿੱਸਿਆਂ ਵਿੱਚ ਮੌਸਮ ਠੰਡਾ ਹੋਣ ਕਰਕੇ ਇਨਡੋਰ ਫੀਲਡ ਹਾਕੀ ਨੂੰ ਚੰਗਾ ਹੁੰਗਾਰਾ ਮਿਲਿਆ ਹੈ। ਇਸ ਨੂੰ ਹੁੰਗਾਰੇ ਨੂੰ ਹੋਰ ਉਤਸ਼ਾਹਿਤ ਕਰਨ ਲਈ ਫੀਲਡ ਹਾਕੀ ਪਹਿਲੀ ਵਾਰ ਇਨਡੋਰ ਨੈਸ਼ਨਲ ਚੈਂਪੀਅਨਸ਼ਿਪ ਕਰਵਾਏਗੀ। ਇਸ ਚੈਂਪੀਅਨਸ਼ਿਪ ਤਿੰਨ ਪੜਾਵਾਂ ਵਿੱਚ ਕਰਵਾਈ ਜਾਵੇਗੀ। 15 ਤੋਂ 17 ਫਰਵਰੀ ਤੱਕ ਪੁਰਸ਼ ਵਰਗ ਦੀ ਵੈਸਟਰਨ ਇਨਡੋਰ ਨੈਸ਼ਨਲ ਦੀ ਮੇਜ਼ਬਾਨੀ ਕੈਲਗਰੀ ਨੂੰ ਸੌਂਪੀ ਗਈ ਹੈ ਤੇ ਮਹਿਲਾ ਵਰਗ ਦੀ ਵੈਸਟਰਨ ਇਨਡੋਰ ਨੈਸ਼ਨਲ ਚੈਂਪੀਅਨਸ਼ਿਪ ਵੀ 8 ਮਾਰਚ ਤੋਂ 10 ਮਾਰਚ ਤੱਕ ਕੈਲਗਰੀ ਵਿੱਚ ਹੀ ਹੋਵੇਗੀ। ਇਹਨਾਂ ਦੋਵੇਂ ਟੂਰਨਾਮੈਂਟਾਂ ਤੋਂ ਬਾਅਦ ਨੈਸ਼ਨਲ ਇਨਡੋਰ ਫੀਲਡ ਹਾਕੀ ਚੈਂਪੀਅਨਸ਼ਿਪ 22 ਮਾਰਚ ਤੋਂ 24 ਮਾਰਚ ਤੱਕ ਟੋਰਾਂਟੋ ਵਿੱਚ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।

# ਸਿੱਧਵਾਂ ਬੇਟ ਨਿਵਾਸੀ ਮਨਾਉਣਗੇ ਸ਼ਹੀਦੀ ਦਿਹਾੜਾ

ਬਰੈਂਪਟਨ, 19 ਦਸੰਬਰ (ਪੋਸਟ ਬਿਊਰੋ)- ਸਿੱਧਵਾਂ ਬੇਟ ਇਲਾਕਾ ਨਿਵਾਸੀਆਂ ਵਲੋਂ ਹਰ ਸਾਲ ਦੀ ਤਰ੍ਹਾਂ ਮਾਤਾ ਗੁਜਰ ਕੌਰ ਜੀ ਤੇ ਚਾਰੇ ਸਾਹਿਬਾਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਇਸ ਵਾਰ ਵੀ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸ਼੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ ਦੇ ਹਾਲ ਨੰਬਰ 3 ਵਿਚ 23 ਦਸੰਬਰ ਦਿਨ ਐਤਵਾਰ ਨੂੰ ਸਵੇਰੇ 11 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਜਿਸ ਮਗਰੋ ਭਾਰੀ ਦਿਵਾਨ ਸਜੇਗਾ। ਪ੍ਰਸਿੱਧ ਢਾਡੀ ਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਤੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਇਤਿਹਾਸ ਨਾਲ ਜੋੜਨਗੇ। ਪ੍ਰਬੰਧਕਾਂ ਵਲੋਂ ਸਮੂਹ ਸਿੱਧਵਾਂ ਬੇਟ ਇਲਾਕਾ ਨਿਵਾਸੀ ਸੰਗਤਾਂ ਨੂੰ ਇਸ ਮੌਕੇ ਹਾਜ਼ਰੀਆਂ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਚਰਨਜੀਤ ਸਿੱਧੂ 647-210-7112, ਗੁਰਦੀਪ ਖਹਿਰਾ 416-457-5176 ਜਾਂ ਇੰਦਰਪ੍ਰੀਤ ਜੌਹਲ ਨਾਲ 416-351-8478 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਿਸੇ ਇਕ ਕਮਿਊਨਿਟੀ ਜਾਂ ਸਮੁੱਚੇ ਧਰਮ ਨੂੰ ਨਿਸ਼ਾਨਾ ਬਨਾਂਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ : ਸੋਨੀਆ ਸਿੱਧੂ

ਬਰੈਂਪਟਨ, -ਕੈਨੇਡਾ ਦੇ ਪਬਲਿਕ ਸੇਫ਼ਟੀ ਮੰਤਰੀ ਦੀ '2018 ਪਬਲਿਕ ਰਿਪੋਰਟ ਔਨ ਟੈਰਰਿਸਟ ਥਰੈੱਟ ਟੂ ਕੈਨੇਡਾ- ਬਿਲਡਿੰਗ ਏ ਸੇਫ਼ ਐਂਡ ਰੀਸਿਲੀਐਂਟ ਕੈਨੇਡਾ' ਪੜ੍ਹ ਕੇ ਮੈਨੂੰ ਘੋਰ ਨਿਰਾਸ਼ਾ ਹੋਈ ਹੈ। ਇਹ ਇਕ ਆਜ਼ਾਦਾਨਾ ਸੰਸਥਾ ਵੱਲੋਂ ਜਾਰੀ ਕੀਤੀ ਗਈ ਕੰਪਰੀਹੈਂਨਸਿਵ ਰਿਪੋਰਟ ਹੈ।"

ਉਨ੍ਹਾਂ ਕਿਹਾ ਕਿ ਇਸ ਰਿਪੋਰਟ ਦੇ ਜਨਤਕ ਹੋਣ ਤੋਂ ਕੁਝ ਚਿਰ ਬਾਅਦ ਹੀ ਉਹ ਆਪਣੇ ਲਿਬਰਲ ਸਾਥੀਆਂ ਨਾਲ ਇਸ ਰਿਪੋਰਟ ਪ੍ਰਤੀ ਮੰਤਰੀ ਗੁਡੇਲ ਨੂੰ ਮਿਲੇ ਸਨ। ਜਿਸ ਨੇ ਉਨ੍ਹਾਂ ਨੂੰ ਇਸ ਰਿਪੋਰਟ ਨੂੰ ਮੁੜ ਵਿਚਾਰਨ ਬਾਰੇ ਪੂਰਾ ਵਿਸ਼ਵਾਸ ਦਿਵਾਇਆ ਹੈ। ਸਾਨੂੰ ਕਿਸੇ ਕਮਿਊਨਿਟੀ ਜਾਂ ਕਿਸੇ ਸਮੁੱਚੇ ਧਰਮ ਦੀ ਅੱਤਵਾਦ ਨਾਲ ਤੁਲਣਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ



ਸੋਨੀਆ ਸਿੱਧੂ ਨੇ ਕਿਹਾ ਕਿ ਸਿੱਖ ਕਮਿਊਨਿਟੀ ਨੇ ਪਿਛਲੇ 100 ਸਾਲਾਂ ਦੌਰਾਨ ਕੈਨੇਡਾ ਦੇ ਅਰਥਚਾਰੇ ਅਤੇ ਸੱਭਿਆਚਾਰ ਵਿਚ ਭਰਪੂਰ ਯੋਗਦਾਨ ਪਾਇਆ ਹੈ। ਮੈਂ ਕੈਨੇਡਾ ਦੀ ਮਾਣ-ਮੱਤੀ ਨਾਗਰਿਕ ਹਾਂ ਅਤੇ ਮੈਨੂੰ ਆਪਣੀ ਸਿੱਖ ਵਿਰਾਸਤ ਉੱਪਰ ਵੀ ਓਨਾ ਹੀ ਫ਼ਖ਼ਰ ਹੈ। ਕੈਨੇਡਾ-ਵਾਸੀ ਹਮੇਸ਼ਾ ਹੀ ਨਸਲਵਾਦ ਵਿਰੁੱਧ ਲੜਨ ਲਈ ਮੋਹਰੀ ਰਹੇ ਹਨ। ਮੈਂ ਸਿੱਖ ਕਮਿਊਨਿਟੀ ਨੂੰ ਵਿਸ਼ਵਾਸ ਦਿਵਾਂਉਂਦੀ ਹਾਂ ਕਿ ਮੈਂ ਪਬਲਿਕ ਸੇਫ਼ਟੀ ਡਿਪਾਰਟਮੈਂਟ ਨੂੰ ਇਹ ਰਿਪੋਰਟ ਮੁੜ-ਵਿਚਾਰਨ ਲਈ ਜ਼ੋਰ ਪਾਉਂਦੀ ਰਹਾਂਗੀ।

Call for Free Estimates
A-1 RENOVATION
GTA INC
New Basement $1,000 off with this flyer
416-456-1462
OVER 15 YEARS OF SERVICE
Professionals in Completing Basements within 3 Weeks
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Real Estate Exam Prep
ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ
The Rules are changing For Real Estate Licence
It will become a Full Time College course soon!
To Avoid going to college for 2-3 Years, Join Now
Call: 647-625-7961
Pass each exam in just 2 weeks
○Easy to Understand Material
○Important Practice Questions
○Limited Summarized Material


2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਧਾਰਮਿਕ ਚਿੰਨਾਂ ਬਾਰੇ ਕਿਉਬਿੱਕ ਅਤੇ ਬਾਕੀ ਕੈਨੇਡਾ ਵਿੱਚ ਪ੍ਰਭਾਵ

ਕਿਉਬਿੱਕ ਵਿੱਚ ਨਵੀਂ ਚੁਣੀ ਗਈ CAQ ਪਾਰਟੀ ਦੀ ਸਰਕਾਰ ਵੱਲੋਂ ਸਰਕਾਰੀ ਮੁਲਾਜ਼ਮਾਂ ਦੇ ਨੌਕਰੀ ਉੱਤੇ ਧਾਰਮਿਕ ਚਿੰਨ ਨਾ ਪਹਿਨਣ ਦੇਣ ਦੇ ਪ੍ਰਸਤਾਵਿਤ ਨੇਮ ਬਾਰੇ ਕਾਫ਼ੀ ਚਰਚਾ ਹੋ ਚੁੱਕੀ ਹੈ। ਚਰਚਾ ਇਹ ਵੀ ਬਹੁਤ ਹੋ ਚੁੱਕੀ ਹੈ ਕਿ ਕਿਉਬਿੱਕ ਵਾਸੀਆਂ ਨੇ ਸਿਰਫ਼ ਇਸ ਮੁੱਦੇ ਨੂੰ ਆਧਾਰ ਬਣਾ ਕੇ CAQ ਪਾਰਟੀ ਨੂੰ ਸੱਤਾ ਹੀ ਪ੍ਰਦਾਨ ਨਹੀਂ ਕੀਤੀ ਸਗੋਂ ਵੋਟਾਂ ਤੋਂ ਬਾਅਦ ਵੀ ਬਹੁ ਗਿਣਤੀ ਕਿਉਬਿੱਕ ਵਾਸੀ (65%) ਧਾਰਮਿਕ ਚਿੰਨਾਂ ਉੱਤੇ ਰੋਕ ਦੇ ਹੱਕ ਵਿੱਚ ਹਨ। ਇਸ ਪਰੀਪੇਖ ਵਿੱਚ ਵੱਖ ਵੱਖ ਮੁੱਦਿਆਂ ਉੱਤੇ ਕੈਨੇਡਾ ਭਰ ਵਿੱਚ ਪਬਲਿਕ ਦੀ ਰਾਏ ਜਾਨਣ ਦਾ ਕੰਮ ਕਰਨ ਵਾਲੀ ਐਂਗਨਸ ਰੀਡ ਵੱਲੋਂ ਧਾਰਮਿਕ ਚਿੰਨਾਂ ਬਾਰੇ ਕੈਨੇਡੀਅਨ ਪਬਲਿਕ ਅਤੇ ਕਿਉਬਿੱਕ ਵਾਸੀਆਂ ਦੇ ਵਿਚਾਰਾਂ ਦੀ ਤੁਲਨਾ ਕਰਨ ਵਾਲੇ ਹਾਲੀਆ ਸਰਵੇਖਣ ਦੇ ਨਤੀਜੇ ਦਿਲਚਸਪ ਹਨ।

ਵਿਸ਼ਲੇਸ਼ਣ ਮੁਤਾਬਕ ਕੈਨੇਡਾ ਦੇ ਸਾਰੇ ਪ੍ਰੋਵਿੰਸਾਂ ਅਤੇ ਯੂਨੀਅਨ ਟੈਰੇਟਰੀਆਂ ਵਿੱਚ ਬਹੁ ਗਿਣਤੀ ਕੈਨੇਡੀਅਨ ਨੌਕਰੀ ਕਰਨ ਵੇਲੇ ਮੁਸਲਮਾਨ ਔਰਤਾਂ ਵੱਲੋਂ ਨਿਕਾਬ ਅਤੇ ਸਿੱਖਾਂ ਦਾ ਧਾਰਮਿਕ ਚਿੰਨ ਕਿਰਪਾਨ ਪਹਿਨੇ ਜਾਣ ਦੇ ਹੱਕ ਵਿੱਚ ਨਹੀਂ ਹਨ। 68% ਕੈਨੇਡੀਅਨਾਂ ਦਾ ਮੰਨਣਾ ਹੈ ਕਿ ਕਿਰਪਾਨ ਪਾ ਕੇ ਨੌਕਰੀ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਜਾਣੀ ਚਾਹੀਦੀ। ਇਸ ਮੁੱਦੇ ਉੱਤੇ 10% ਪੱਕੇ ਤੌਰ ਉੱਤੇ ਕੁੱਝ ਨਹੀਂ ਆਖ ਸਕੇ ਜਦੋਂ ਕਿ ਸਿਰਫ਼ 21% ਦਾ ਖਿਆਲ ਸੀ ਕਿ ਕਿਰਪਾਨ ਪਹਿਨ ਕੇ ਨੌਕਰੀ ਕਰਨ ਵਿੱਚ ਕੋਈ ਸੱਮਸਿਆ ਨਹੀਂ ਹੈ। ਨਿਕਾਬ ਅਤੇ ਬੁਰਕਾ ਪਹਿਨਣ ਉੱਤੇ ਮਨਾਹੀ ਕਰਨ ਦੇ ਹੱਕ ਵਿੱਚ ਕਰਮਵਾਰ 75% ਅਤੇ 77% ਲੋਕ ਸਨ। ਕਿਰਪਾਨ, ਨਿਕਾਬ ਅਤੇ ਬੁਰਕੇ ਨੂੰ ਕੈਨੇਡੀਅਨ ਘੱਟ ਪਸੰਦ ਕਰਦੇ ਹਨ ਕਿਉਂਕਿ ਉਹ ਕਿਰਪਾਨ ਨੂੰ ਖਤਰਨਾਕ ਅਤੇ ਨਿਕਾਬ ਨੂੰ ਸਮਾਜਕ ਰੋਕ ਵਾਲਾ ਖਿਆਲ ਕਰਦੇ ਹਨ।

ਇਹ ਨਹੀਂ ਸਗੋਂ 30% ਕੈਨੇਡੀਅਨ ਸਿੱਖ ਦਸਤਾਰ, 24 % ਯਹੂਦੀਆਂ ਦੀ ਟੋਪੀ ਕਿੱਪਾ, 33% ਹਿਜਾਬ ਪਹਿਨਣ ਦੇ ਵੀ ਵਿਰੋਧ ਵਿੱਚ ਹਨ। ਇਸਦੇ ਉਲਟ ਬਹੁ ਗਿਣਤੀ ਕੈਨੇਡੀਅਨ ਇਸਾਈ ਧਰਮ ਨਾਲ ਸਬੰਧਿਤ ਚਿੰਨਾਂ ਦੇ ਪਹਿਨੇ ਜਾਣ ਨਾਲ ਸਹਿਮਤ ਹਨ। ਮਿਸਾਲ ਵਜੋਂ 78% ਲੋਕ ਸਟਾਰ ਆਫ ਡੇਵਿਡ (Star of David) ਅਤੇ 79% ਈਸਾ ਮਸੀਹ ਦੇ ਕਰੂਸੀਫਿਕਸ (Crufix) ਪਹਿਨੇ ਜਾਣ ਦੇ ਹੱਕ ਵਿੱਚ ਹਨ।

ਕੈਨੇਡੀਅਨ ਜਨਤਕ ਜੀਵਨ ਵਿੱਚ ਧਰਮ ਨੂੰ ਲੈ ਕੇ ਦੋ ਕਿਸਮ ਦੇ ਰੁਝਾਨ ਵੇਖਣ ਨੂੰ ਮਿਲਦੇ ਆ ਰਹੇ ਹਨ। ਜਿੱਥੇ ਪਰਵਾਸੀਆਂ ਵੱਲੋਂ ਧਾਰਮਿਕ ਚਿੰਨਾਂ/ਅਰਦਾਸਾਂ/ਪ੍ਰਾਰਥਨਾਵਾਂ ਨੂੰ ਸਿਆਸੀ ਅਤੇ ਨਿੱਜੀ ਜੀਵਨ ਵਿੱਚ ਮਾਨਤਾ ਦਿੱਤੇ ਜਾਣਾ ਬਹੁਤ ਜਰੂਰੀ ਸਮਝਿਆ ਜਾਂਦਾ ਹੈ, ਮੁੱਖ ਧਾਰਾ ਦੇ ਕੈਨੇਡੀਅਨ ਇਹਨਾਂ ਗੱਲਾਂ ਤੋਂ ਦੂਰ ਜਾਂਦੇ ਜਾ ਰਹੇ ਹਨ। ਮਿਸਾਲ ਵਜੋਂ ਜਦੋਂ ਮਿਉਂਸੀਪਲ ਕਾਉਂਸਲ ਦੀਆਂ ਮੀਟਿੰਗਾਂ ਆਰੰਭ ਹੋਣ ਤੋਂ ਪਹਿਲਾਂ ਈਸਾਈ ਪ੍ਰਾਰਥਨਾ ਬੋਲਣ ਉੱਤੇ ਰੋਕ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਆਇਆ ਸੀ ਤਾਂ 55% ਕੈਨੇਡੀਅਨ ਸੁਪਰੀਮ ਕੋਰਟ ਦੇ ਫੈਸਲੇ ਨੂੰ ਸਹੀ ਮੰਨਦੇ ਸਨ।

ਐਥਨਿਕ ਵਿਭਿੰਨਤਾ ਵਾਲੇ ਟੋਰਾਂਟੋ, ਵੈਨਕੂਵਰ, ਐਡਮਿੰਟਨ, ਬਰੈਂਪਟਨ, ਮਿਸੀਸਾਗਾ, ਸਰੀ ਵਰਗੇ ਸ਼ਹਿਰਾਂ ਵਿੱਚ ਇਹ ਪ੍ਰਭਾਵ ਮਿਲ ਸਕਦਾ ਹੈ ਕਿ ਧਾਰਮਿਕ ਚਿੰਨਾਂ ਨੂੰ ਸਵੀਕਾਰ ਕਰਨਾ ਕੈਨੇਡੀਅਨ ਜਨ-ਜੀਵਨ ਦਾ ਹਿੱਸਾ ਹੈ। ਪਰ ਐਂਗਨਸ ਰੀਡ ਵੱਲੋਂ ਕੀਤਾ ਗਿਆ ਵਿਸ਼ਲੇਸ਼ਣ ਇਸ ਪ੍ਰਭਾਵ ਨੂੰ ਗਲਤ ਸਿੱਧ ਕਰਦਾ ਹੈ। ਇਸ ਲਈ ਧਾਰਮਿਕ ਘੱਟ ਗਿਣਤੀ ਸਿਆਸੀ ਅਤੇ ਸਮਾਜਕ ਆਗੂਆਂ ਨੂੰ ਲਗਾਤਾਰ ਹਾਂ ਪੱਖੀ ਕੰਮ ਕਰਨ ਦੀ ਲੋੜ ਹੈ। ਇੱਕ ਪਾਸੇ ਅਸੀਂ ਖਾਲਸਾ, ਇਸਲਾਮਿਕ ਅਤੇ ਹੋਰ ਧਰਮਾਂ ਦੇ ਸਕੂਲਾਂ ਦੇ ਵਿਸਥਾਰ ਕਰ ਰਹੇ ਹਾਂ ਤਾਂ ਦੂਜੇ ਪਾਸੇ ਜ਼ਿਆਦਾਤਰ ਕੈਨੇਡੀਅਨਾਂ ਦੇ ਜੀਵਨ ਵਿੱਚੋਂ ਧਾਰਮਿਕ ਵਿਚਾਰਧਾਰਾ ਮਨਫੀ ਹੁੰਦੀ ਜਾ ਰਹੀ ਹੈ। ਜੋ ਸੰਕਟ ਅੱਜ ਈਸਾਈ ਧਰਮ ਨੂੰ ਦਰਪੇਸ਼ ਹੈ, ਉਹ ਕੱਲ ਨੂੰ ਕਿਸੇ ਵੀ ਧਰਮ ਨੂੰ ਦਰਪੇਸ਼ ਹੋ ਸਕਦਾ ਹੈ।

ਇਹ ਚਰਚਾ ਉਹਨਾਂ ਸਿਆਸਤਦਾਨਾਂ ਦੇ ਪ੍ਰਭਾਵ ਨੂੰ ਵੀ ਉਜਾਗਰ ਕਰਦੀ ਹੈ ਜੋ ਧਾਰਮਿਕ ਚਿੰਨ ਪਹਿਨ ਕੇ ਨਾਂਹ ਪੱਖੀ ਮਸਲਿਆਂ ਕਾਰਣ ਚਰਚਾ ਦਾ ਵਿਸ਼ਾ ਬਣ ਜਾਂਦੇ ਹਨ। ਪਿਛਲੇ ਸਮੇਂ ਵਿੱਚ ਦੋ ਦਸਤਾਰਧਾਰੀ ਐਮ ਪੀਆਂ (ਦਰਸ਼ਨ ਕੰਗ ਅਤੇ ਰਾਜ ਗਰੇਵਾਲ) ਦੇ ਵਿਵਾਦਪੂਰਣ ਮੁੱਦਿਆਂ ਕਾਰਣ ਦਿੱਤੇ ਅਸਤੀਫੇ ਇਸ ਚਰਚਾ ਦੀ ਗੰਭੀਰਤਾ ਵੱਲ ਇੱਕ ਇਸ਼ਾਰਾ ਹਨ। ਐਨ ਡੀ ਪੀ ਆਗੂ ਜਗਮੀਤ ਸਿੰਘ ਨੂੰ ਉਸਦੀ ਆਪਣੀ ਹੀ ਪਾਰਟੀ ਅੰਦਰ ਜੋ ਸੁਆਲੀਆ ਚਿੰਨ ਖੜੇ ਹੋਏ ਹਨ, ਉਹਨਾਂ ਪਿੱਛੇ ਇੱਕ ਕਾਰਣ ਬਹੁ-ਗਿਣਤੀ ਐਨ ਡੀ ਪੀ ਮੈਂਬਰਾਂ ਦੇ ਧਾਰਮਿਕ ਚਿੰਨਾਂ ਬਾਰੇ ਸ਼ੰਕੇ ਹਨ। ਜਗਮੀਤ ਸਿੰਘ ਲਈ ਇਹ ਸਥਿਤੀ ਹੋਰ ਵੀ ਔਖੀ ਹੈ ਕਿਉਂਕਿ ਐਨ ਡੀ ਪੀ ਦਾ ਸੱਭ ਤੋਂ ਵੱਡਾ ਵੋਟ ਬੈਂਕ ਕਿਉਬਿੱਕ ਮੰਨਿਆ ਜਾਂਦਾ ਹੈ ਜਿੱਥੇ ਜ਼ਿਆਦਾਤਰ ਲੋਕ ਧਾਰਮਿਕ ਚਿੰਨਾਂ ਦੇ ਵਿਰੁੱਧ ਹਨ।

## ਪੰਜਾਬ ਸਰਕਾਰ ਦੀ ਅਗਲੀ ਬੈਠਕ ਵਿੱਚ ਸਪੋਰਟਸ ਯੂਨੀਵਰਸਿਟੀ ਬਣਾਉਣ ਦਾ ਏਜੰਡਾ ਆਵੇਗਾ

ਜਲੰਧਰ, 19 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਸਪੋਰਟਸ ਯੂਨੀਵਰਸਿਟੀ ਬਣਾਉਣ ਦਾ ਏਜੰਡਾ ਪੰਜਾਬ ਕੈਬਨਿਟ ਦੀ ਅਗਲੀ ਬੈਠਕ ਵਿੱਚ ਪੇਸ਼ ਹੋਣ ਦੇ ਆਸਾਰ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਬਾਰੇ ਵਿੱਤ ਵਿਭਾਗ ਨੂੰ ਹੁਕਮ ਦਿੱਤੇ ਹਨ ਕਿ ਉਹ ਸਪੋਰਟਸ ਯੂਨੀਵਰਸਿਟੀ ਨੂੰ ਪਟਿਆਲਾ ਵਿੱਚ ਸਥਾਪਤ ਕਰਨ ਲਈ ਕਲੀਅਰੈਂਸ ਦੇਵੇ ਅਤੇ ਇਸ ਲਈ ਉਚਿਤ ਫੰਡਾਂ ਦਾ ਪ੍ਰਬੰਧ ਕਰੇ। ਸਰਕਾਰੀ ਹਲਕਿਆਂ ਮੁਤਾਬਕ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ ਮੈਂਬਰ ਰਣਧੀਰ ਸਿੰਘ ਦੀ ਅਗਵਾਈ ਵਿੱਚ ਇਕ ਸਟੀਅਰਿੰਗ ਕਮੇਟੀ ਬਣਾਈ ਗਈ ਸੀ, ਜਿਸ ਨੇ ਪ੍ਰਸਤਾਵਿਤ ਯੂਨੀਵਰਸਿਟੀ ਦੇ ਬਿੱਲ ਦਾ ਮਸੌਦਾ ਮੁੱਖ ਮੰਤਰੀ ਨੂੰ ਪੇਸ਼ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਸਟੀਅਰਿੰਗ ਕਮੇਟੀ ਦੇ ਚੇਅਰਪਰਸਨ ਰਣਧੀਰ ਸਿੰਘ ਨੇ ਪ੍ਰਸਤਾਵਿਤ ਸਪੋਰਟਸ ਯੂਨੀਵਰਸਿਟੀ ਬਾਰੇ ਮੁੱਖ ਮੰਤਰੀ ਨਾਲ ਬੈਠਕ ਕੀਤੀ ਹੈ। ਮੁੱਖ ਮੰਤਰੀ ਨੇ ਖੇਡ ਵਿਭਾਗ ਨੂੰ ਕਿਹਾ ਹੈ ਕਿ ਸਟੀਅਰਿੰਗ ਕਮੇਟੀ ਦੇ ਖਰੜੇ ਮੁਤਾਬਕ ਕੈਬਨਿਟ ਦੀ ਬੈਠਕ ਵਿੱਚ ਏਜੰਡਾ ਲਿਆਉਣ ਲਈ ਪਹਿਲ ਕਰਨ। ਇਕ ਵਾਰ ਕੈਬਨਿਟ ਵਿੱਚ ਏਜੰਡਾ ਪਾਸ ਹੋਣ ਪਿੱਛੋਂ ਯੂਨੀਵਰਸਿਟੀ ਨੂੰ ਸਥਾਪਿਤ ਕਰਨ ਦੀਆਂ ਰਸਮਾਂ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾਵੇਗਾ। ਸਰਕਾਰੀ ਸੂਤਰਾਂ ਮੁਤਾਬਕ ਯੂਨੀਵਰਸਿਟੀ ਦੀ ਸਥਾਪਨਾ ਨਾਲ ਪੰਜਾਬ ਚੰਗੇ ਖਿਡਾਰੀਆਂ ਨੂੰ ਅੱਗੇ ਲਿਆਉਣ ਵਿੱਚ ਸਫਲ ਹੋਵੇਗਾ ਤੇ ਖੇਡਾਂ ਦੇ ਪੱਧਰ ਵਿੱਚ ਸੁਧਾਰ ਹੋਵੇਗਾ। ਮੁੱਖ ਮੰਤਰੀ ਨੇ ਖੇਡ ਮੰਤਰੀ ਰਾਣਾ ਸੋਢੀ ਨੂੰ ਕਿਹਾ ਕਿ ਉਹ ਵੱਖ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਲਈ ਨੌਜਵਾਨਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ। ਸਟੀਅਰਿੰਗ ਕਮੇਟੀ ਵਿੱਚ ਰਣਧੀਰ ਸਿੰਘ ਦੇ ਇਲਾਵਾ ਸਾਬਕਾ ਵਾਇਸ ਚਾਂਸਲਰ ਜੇ ਐਸ ਨਰੂਲਾ, ਰਾਜਸਥਾਨ ਸਪੋਰਟਸ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਂਸਲਰ ਐਲ ਐਸ ਰਾਣਾਵਤ ਅਤੇ ਵਿਧਾਇਕ ਪ੍ਰਗਟ ਸਿੰਘ ਵੀ ਸ਼ਾਮਲ ਹਨ।









## ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਦੇ ਮਾਮਲੇ ਵਿੱਚ ਕੈਨੇਡੀਅਨ ਨੌਜਵਾਨ ਨੂੰ ਮਿਲੀ 40 ਸਾਲ ਦੀ ਸਜ਼ਾ

...ਪੰਨਾ 1 ਦਾ ਬਾਕੀ

ਜੱਜ ਨੇ ਫੈਸਲਾ ਸੁਣਾਉਂਦਿਆਂ ਆਖਿਆ ਕਿ ਐਫਬੀਆਈ ਵੱਲੋਂ ਉਮਰ ਕੈਦ ਦੀ ਸਜ਼ਾ ਦੀ ਮੰਗ ਕੀਤੀ ਜਾ ਰਹੀ ਸੀ ਪਰ 40 ਸਾਲਾਂ ਦੀ ਸਜ਼ਾ ਸੁਣਾ ਕੇ ਉਹ ਬਾਹਨਾਸੈਵੀ ਦਾ ਹੀ ਪੱਖ ਲੈ ਰਹੇ ਹਨ। ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਬਾਹਨਾਸੈਵੀ ਜਦੋਂ 17 ਸਾਲਾਂ ਦਾ ਸੀ ਤਾਂ ਉਹ ਮਿਸੀਸਾਗਾ, ਓਨਟਾਰੀਓ ਦੇ ਇੱਕ ਘਰ ਵਿੱਚ ਰਹਿੰਦਾ ਸੀ ਜਦੋਂ ਉਸ ਨੂੰ ਇੱਕ ਅੰਡਰਕਵਰ ਐਫਬੀਆਈ ਏਜੰਟ ਆਨਲਾਈਨ ਮਿਲਿਆ। ਬਚਾਅ ਪੱਖ ਦੇ ਵਕੀਲ ਨੇ ਆਖਿਆ ਕਿ ਉਸ ਏਜੰਟ ਨੇ ਹੀ ਬਾਹਨਾਸੈਵੀ ਨੂੰ ਬਿੱਗ ਐਪਲ ਉੱਤੇ ਹਮਲਾ ਕਰਨ ਦੀ ਯੋਜਨਾ ਬਣਾਉਣ ਲਈ ਉਕਸਾਇਆ। ਸਰਕਾਰੀ ਵਕੀਲ ਨੇ ਆਖਿਆ ਕਿ ਦੋਵਾਂ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਹੀ ਸਾਜ਼ਿਸ਼ ਤਿਆਰ ਸੀ। ਇਸ ਯੋਜਨਾ ਵਿੱਚ ਪਾਕਿਸਤਾਨ ਤੇ ਫਿਲੀਪੀਨਜ਼ ਤੋਂ ਵੀ ਸਾਜਿਸ਼ਕਰਤਾ ਸ਼ਾਮਲ ਸਨ। ਇਸ ਯੋਜਨਾ ਤਹਿਤ ਨਿਊ ਯੌਰਕ ਤੇ ਟਾਈਮਜ਼ ਸਕੁਏਅਰ ਉੱਤੇ ਹਮਲਾ ਕੀਤਾ ਜਾਣਾ ਸੀ। ਫਿਰ ਆਰਸੀਐਮਪੀ ਦੀ ਮਦਦ ਨਾਲ ਐਫਬੀਆਈ ਨੇ ਉਸ ਸਮੇਂ 18 ਸਾਲਾਂ ਨੂੰ ਢੁੱਕੇ ਬਾਹਨਾਸੈਵੀ ਨੂੰ ਮਈ 2016 ਵਿੱਚ ਨਿਊ ਯੌਰਕ ਦੇ ਬਾਹਰਵਾਰ ਸਥਿਤ ਇੱਕ ਹੋਟਲ ਵਿੱਚੋਂ ਗ੍ਰਿਫਤਾਰ ਕਰ ਲਿਆ। ਜਾਂਚਕਾਰਾਂ ਨੇ ਦੱਸਿਆ ਕਿ ਉਸ ਕੋਲੋਂ ਬੰਬ ਤਿਆਰ ਕਰਨ ਵਾਲੀ ਸਮੱਗਰੀ ਮਿਲੀ ਤੇ ਉਸ ਨੇ ਸ਼ਹਿਰ ਤੋਂ ਨੇੜੇ ਹੀ ਬੰਬ ਤਿਆਰ ਕਰਨ ਲਈ ਇੱਕ ਕੈਬਿਨ ਵੀ ਲੈ ਲਿਆ ਸੀ। 2016 ਵਿੱਚ ਬਾਹਨਾਸੈਵੀ ਨੂੰ ਅੱਤਵਾਦ ਸਬੰਧੀ ਦੋਸ਼ਾਂ ਵਿੱਚ ਕਸੂਰਵਾਰ ਠਹਿਰਾਇਆ ਗਿਆ।

## ਫੂਲਕਾ ਨੇ ਕਿਹਾ: ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਮੌਤ ਤੋਂ ਬਿਹਤਰ

ਅੰਮ੍ਰਿਤਸਰ, 19 ਦਸੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਕਤਲੇਆਮ ਕੇਸ ਵਿੱਚ ਪੀੜਤਾਂ ਨੂੰ ਨਿਆਂ ਦਿਵਾਉਣ ਦੇ ਲਈ ਲੰਮੇ ਸਮੇਂ ਤੋਂ ਜੱਦੋ ਜਹਿਦ ਕਰ ਰਹੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਐਡਵੋਕੇਟ ਐਚ ਐਸ ਫੂਲਕਾ ਨੇ ਪੀੜਤਾਂ ਤੇ ਸਿੱਖ ਸੰਗਤ ਨੂੰ ਆਖਿਆ ਕਿ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਇਸ ਕੇਸ ਵਿੱਚ ਅਦਾਲਤ ਵੱਲੋਂ ਦਿੱਤੀ ਉਮਰ ਕੈਦ ਦੀ ਸਜ਼ਾ ਨੂੰ ਕਾਇਮ ਰੱਖਣ ਲਈ ਯਤਨ ਕਰਨਾ ਚਾਹੀਦਾ ਹੈ ਤੇ ਫਾਂਸੀ ਦੀ ਸਜ਼ਾ ਲਈ ਸੁਪਰੀਮ ਕੋਰਟ ਜਾਣ ਦੀ ਲੋੜ ਨਹੀਂ ਹੈ। ਉਹ ਕੱਲ੍ਹ ਇਥੇ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੇ ਸਨ।



ਪੰਜਾਬ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਚੁੱਕੇ ਐਡਵੋਕੇਟ ਫੂਲਕਾ ਨੇ ਹਾਈ ਕੋਰਟ ਤੋਂ ਕਾਂਗਰਸੀ ਆਗੂ ਨੂੰ ਹੋਈ ਉਮਰ ਕੈਦ ਦੀ ਸਜ਼ਾ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਮੌਤ ਦੀ ਸਜ਼ਾ ਤੋਂ ਸਾਰੀ ਉਮਰ ਦੀ ਜੇਲ੍ਹ ਕੱਟਣ ਦੀ ਸਜ਼ਾ ਵੱਧ ਠੀਕ ਹੈ। ਉਨ੍ਹਾਂ ਨੇ ਦੰਗਾ ਪੀੜਤਾਂ ਅਤੇ ਸਿੱਖ ਜਗਤ ਨੂੰ ਆਖਿਆ ਕਿ ਅਦਾਲਤ ਦੇ ਫੈਸਲੇ ਦਾ ਸਤਿਕਾਰ ਕਰਨ ਤੇ ਕਾਂਗਰਸੀ ਆਗੂ ਨੂੰ ਮੌਤ ਦੀ ਸਜ਼ਾ ਫਾਂਸੀ ਦਿਵਾਉਣ ਵਾਸਤੇ ਸੁਪਰੀਮ ਕੋਰਟ ਨਾ ਜਾਣ। ਉਨ੍ਹਾਂ ਸੁਝਾਅ ਦਿੱਤਾ ਕਿ ਜੇ ਪੀੜਤ ਇਸ ਮਾਮਲੇ 'ਚ ਸੁਪਰੀਮ ਕੋਰਟ ਗਏ ਤੇ ਦੂਜੇ ਪਾਸੇ ਸੱਜਣ ਕੁਮਾਰ ਵੀ ਸੁਪਰੀਮ ਕੋਰਟ 'ਚ ਅਪੀਲ ਕਰਦਾ ਹੈ ਤਾਂ ਅਦਾਲਤ ਵੱਲੋਂ ਕੇਸ ਨੂੰ ਲਟਕਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇ ਸੱਜਣ ਕੁਮਾਰ ਸੁਪਰੀਮ ਕੋਰਟ ਵਿੱਚ ਸਜ਼ਾ ਖਿਲਾਫ ਅਪੀਲ ਦਾਇਰ ਕਰਦਾ ਹੈ ਤਾਂ ਸਿੱਖ ਜਗਤ ਇਸ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਵੀ ਲੜਾਈ ਲੜੇਗਾ।

ਇਸ ਮੌਕੇ ਕਾਂਗਰਸੀ ਆਗੂ ਜਗਦੀਸ਼ ਟਾਇਟਲਰ ਦੇ ਕੇਸ ਬਾਰੇ ਉਨ੍ਹਾਂ ਕਿਹਾ ਕਿ ਇਹ ਵੀ ਅਦਾਲਤ ਦੇ ਵਿਚਾਰ ਅਧੀਨ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਇਸ ਕੇਸ ਵਿੱਚ ਪੀੜਤਾਂ ਦੇ ਪੱਖ ਵਿੱਚ ਫੈਸਲਾ ਆਵੇਗਾ। ਉਨ੍ਹਾਂ ਦੱਸਿਆ ਕਿ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਕਮਲ ਨਾਥ ਖਿਲਾਫ ਵੀ ਅਦਾਲਤ ਵਿੱਚ ਅਪੀਲ ਕੀਤੀ ਜਾਵੇਗੀ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |


Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਬੈਲਜੀਅਮ ਦੇ ਪ੍ਰਧਾਨ ਮੰਤਰੀ ਚਾਰਲਸ ਮਿਸ਼ੇਲ ਨੇ ਅਸਤੀਫ਼ਾ ਦਿਤਾ

ਬ੍ਰੱਸਲਸ, 19 ਦਸੰਬਰ, (ਪੋਸਟ ਬਿਊਰੋ)- ਬੈਲਜੀਅਮ ਦੇ ਪ੍ਰਧਾਨ ਮੰਤਰੀ ਚਾਰਲਸ ਮਿਸ਼ੇਲ ਨੇ ਅਹੁਦੇ ਤੋਂ ਅਸਤੀਫਾ ਦੇ ਦਿਤਾ ਹੈ। ਉਨ੍ਹਾਂ ਨੇ ਪਾਰਲੀਮੈਂਟ ਨੂੰ ਸੰਬੋਧਨ ਕਰਦੇ ਹੋਏ ਇਸ ਅਸਤੀਫੇ ਦਾ ਐਲਾਨ ਕੀਤਾ।

ਵਰਨਣ ਯੋਗ ਹੈ ਕਿ ਸ਼ਰਣਾਰਥੀਆਂ ਬਾਰੇ ਯੂ ਐੱਨ ਓ ਦੇ ਸੰਸਾਰ ਸਮੱਝੌਤੇ ਦਾ ਸਮਰਥਨ ਕਰਨ ਪਿੱਛੋਂ ਗਠਜੋੜ ਦੀ ਸਭ ਤੋਂ ਵੱਡੀ ਪਾਰਟੀ ਨੇ ਉਨ੍ਹਾਂ ਦੀ ਸਰਕਾਰ ਦਾ ਸਮਰਥਨ ਵਾਪਸ ਲੈ ਲਿਆ ਸੀ। ਇਸ ਪਿੱਛੋਂ ਇਸ ਸਰਕਾਰ ਉਤੇ ਦਬਾਅ ਵਧ ਰਿਹਾ ਸੀ। ਪਿਛਲੇ ਦਿਨੀਂ ਕਰੀਬ 5,500 ਲੋਕਾਂ ਨੇ ਇਸ ਦੇਸ਼ ਵਿੱਚ ਸ਼ਰਣਾਰਥੀ ਮੁੱਦੇ ਉੱਤੇ ਭਾਰੀ ਵਿਰੋਧ ਪ੍ਰਦਰਸ਼ਨ ਕੀਤਾ ਸੀ। ਚਾਰਲਸ ਮਿਸ਼ੇਲ ਨੇ ਬੈਲਜੀਅਮ ਦੇ ਪਾਰਲੀਮੈਂਟ ਮੈਂਬਰ ਨੂੰ ਕਿਹਾ ਕਿ ਉਹ ਅਪਣੇ ਅਸਤੀਫਾ ਪੇਸ਼ ਕਰਨ ਦਾ ਫ਼ੈਸਲਾ ਲੈ ਚੁੱਕੇ ਹਨ ਅਤੇ ਇਸ ਬਾਰੇ ਕਿੰਗ ਨੂੰ ਸੂਚਿਤ ਕਰਨ ਚੱਲੇ ਹਨ। ਪਾਰਲੀਮੈਂਟ ਦੀ ਮੰਗ ਸੀ ਕਿ ਮਿਸ਼ੇਲ ਦੀ ਸਰਕਾਰ ਭਰੋਸੇ ਦੇ ਵੋਟ ਦਾ ਸਾਹ-ਮਣਾ ਕਰੇ, ਪਰ ਉਹ ਇਸ ਤੋਂ ਇਨਕ-ਾਰ ਕਰਦੇ ਆਏ ਸਨ।

ਇਸ ਤੋਂ ਪਹਿਲਾਂ ਰਾਸ਼ਟਰਵਾਦੀ ਪਾਰਟੀ ਨੇ ਸ਼ਰਨਾਰਥੀ ਮੁੱਦੇ ਉਤੇ ਮਿਸ਼ੇਲ ਨੂੰ ਸਮਰਥਨ ਦੇਣ ਤੋਂ ਨਾਂਹ ਕਰ ਦਿਤੀ ਸੀ। ਮਿਸ਼ੇਲ ਦਾ ਕਹਿਣਾ ਸੀ ਕਿ ਯੂ ਐੱਨ ਓ ਦੇ ਸ਼ਰਨਾਰਥੀ ਸਮੱਝੌਤੇ ਉੱਤੇ ਅਮਲ ਕੀਤਾ ਜਾਵੇ। ਉਨ੍ਹਾਂ ਦੇ ਇਸ ਕਦਮ ਤੋਂ ਬਾਅਦ ਬੈਲਜੀਅਮ ਨੂੰ ਤੁਰੰਤ ਚੋਣਾਂ ਲਈ ਤਿਆਰ ਰਹਿਣਾ ਹੋਵੇਗਾ। ਘੱਟ ਗਿਣਤੀ ਸਰਕਾਰ ਕੋਲ ਪਾਰਲੀਮੈਂਟ ਵਿੱਚ ਲੋੜ ਜੋਗਾ ਸਮਰਥਨ ਨਹੀਂ ਹੈ, ਇਸ ਲਈ ਤੈਅ ਕੀਤੇ ਗਏ ਸਮੇਂ ਤੋਂ ਪਹਿਲਾਂ ਚੋਣ ਜਰੂਰੀ ਹੋ ਜਾਵੇਗੀ।

## PM Trudeau need to stand up for Canadians

By: Surjit Singh Flora



First American President Donald Trump attacked Canada on trade. Then Saudi Arabia punished it for its interference in the internal affairs. Now China has the country in its cross-hairs, detaining two Canadians in apparent retaliation for the arrest of a top Chinese tech executive on behalf of the United States.

And on Wednesday third one Canadian citizen has been detained in China, according to Global Affairs Canada, the country's foreign ministry. But under the provisions of Canada's Privacy Act, ministry spokesperson declined to identify the Canadian citizen.

There are more chance of many more Canadian citizens being held in China, they just happen to be of Tibetan decent and are not Caucasian, and thus unreported, one by one they leaking the report.

While China's Foreign Affairs Ministry reportedly declined aware of any third Canadian detained in China

But Canadian officials say there is no explicit link between Meng's arrest and the Canadians' detention. But former diplomats and policy experts have said the detentions are a form of "tit-for-tat" reprisal by China.

China has repeatedly called for Canada to correct its mistake and to release Meng or face unspecified consequences.

But Canada says Meng's arrest isn't political and that it must follow the rule of law.

Canada is caught between two super powers and taking the punishment - and its ally to the south has been conspicuously absent in coming to its aid.

In the ongoing trade war between the United States and China, Canada has been struggling to be on the verge of humiliation.

The beginning of this casket began with a tweet by the Christina Alexandra Minister of Foreign Affairs about the scandal of human rights in Saudi Arabia.

US President Trump and Prime Minister Trudeau have reached cordial relations and NAFTA negotiations. Canada has raised concerns about Canadian policymaking. Even after the signing of the NAFTA agreement, it is worth noting that President Donald Trump should reconsider his promise to reduce the impact of threatened .

It was difficult for China to show eye sight to USA , so they started to expose her anger in Canada. China says Canada will be responsible for the loss of the Canada-China Dual Trade deals.

On the other hand, President Trump has continued his dual stand and says that he will not allow the promise to influence the trade between 'America and China'. This means that if needed, no action will be taken by the United States of America. It would be interesting to see that the outcome of the proceeding is hard, and the issue is such a big fight.

The Telecom production and services are sold in over 170 countries. Its grid is so great that in 2012 it had bought Ericson after which it became the world's largest telephone manufacturing company. Then In 2018 Apple and become 72nd among the 500 Global Fortune Companies in the year 2017.

Huawei has recently displaced Apple as the second largest smartphone maker in spite of being banned from the US market, while cutting corners to avoid arresting a Chinese executive at the request of the Americans simply was not an option to keep Canada out of a difficult political situation, Foreign Affairs Minister Chrystia Freeland said on Monday.

The question that , " Is Canada still a Sovereign Nation that jumps at the demands of an American bully? Do the Americans and the corporate powers have irrefutable proof to back up their accusations or is this simply a desire to sabotage any trade deals with China? And what did Trudeau get from Trump in return for his cooperation? Tariffs removed? What did Canada receive for your arresting a foreign national wanted by the Americans? Trudeau need to avoid any trip to China, because they certainly not admiring him at all.

Even on Friday, Tourism Minister Melanie Joly cancelled a planned trip to China to mark the end of a special year of tourism exchanges.

After Prime Minister Trudeau seen him getting grilled between USA and China, he said Canada will break the 13-billion-dollar deal with Saudi Arabia. If he was to do so, it would have been done in August, so that there was a slap in the face of Saudi Arabia and today many other countries do not consider us to be a childish.

AS Our PM is good for apologies, soon or latter he will give her a few million as compensation and say that on behalf of all Canadians taxpayers he is sorry.

How long will it take for world warriors to fight and we will be sticking to Canadian blankets? There is an effect on Canadians that they are good, honest and polite . Prime Minister Trudeau has fostered this perception in the last three years and famous by his soft sweet image internationally. But now is the time to get excited to correct the image of the country.




# ਮੰਚ ਸੰਚਾਲਨ ਵੀ ਇਕ ਕਲਾ ਹੈ

-ਡਾ. ਜਵਾਹਰ ਧੀਰ

ਕਿਸੇ ਪ੍ਰੋਗਰਾਮ ਦਾ ਮੰਚ ਸੰਚਾਲਨ ਕਰਨਾ ਸੰਚਾਲਕ ਲਈ ਖੁਸ਼ੀ ਦੀ ਗੱਲ ਹੁੰਦੀ ਹੈ। ਪ੍ਰੋਗਰਾਮ ਜਦੋਂ ਬਹੁਤ ਮਹੱਤਵ ਪੂਰਨ ਹੋਵੇ ਤਾਂ ਸੰਚਾਲਕ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਘੱਟ ਤੋਂ ਘੱਟ ਸ਼ਬਦਾਂ ਵਿੱਚ ਵਧੀਆ ਤਰੀਕੇ ਨਾਲ ਪੇਸ਼ਕਾਰੀ ਦੇਵੇ। ਪ੍ਰੋਗਰਾਮਾਂ 'ਚ ਸ਼ਾਮਲ ਲੋਕ ਜਾਣਦੇ ਹਨ ਕਿ ਮੁੱਖ ਮਹਿਮਾਨ ਦੇ ਆਉਣ 'ਤੇ ਵੀ ਜਦੋਂ ਪ੍ਰੋਗਰਾਮ ਦਾ ਸੰਚਾਲਕ ਬੋਲਦਾ ਰਹੇ ਤਾਂ ਕੀ ਹਾਲ ਹੁੰਦਾ ਹੈ।

ਇਕ ਪ੍ਰੋਗਰਾਮ ਵਿੱਚ ਇੰਜ ਹੀ ਹੋਇਆ। ਮੰਚ ਸੰਚਾਲਕ ਕੁਝ ਜ਼ਿਆਦਾ ਦੇਰ ਬੋਲਦਾ ਰਿਹਾ ਤਾਂ ਇਕ ਔਰਤ ਕਹਿਣ ਲੱਗੀ, 'ਉਹ ਕਾਲੇ ਮੂੰਹ ਵਾਲਿਆ, ਹੁਣ ਬੱਸ ਵੀ ਕਰ। ਅਸੀਂ ਤੈਨੂੰ ਸੁਣਨ ਨਹੀਂ ਆਏ। ਉਸ ਨੂੰ ਸੱਦ, ਜਿਸ ਨੇ ਸਾਡੇ ਬੱਚਿਆਂ ਨੂੰ ਇਨਾਮ ਦੇਣੇ ਹਨ।' ਮੰਚ ਸੰਚਾਲਕ ਦੇ ਕੰਨੀਂ ਇਹ ਗੱਲ ਨਹੀਂ ਪਈ, ਪਰ ਪ੍ਰੋਗਰਾਮ ਦੇ ਪ੍ਰਬੰਧਕਾਂ ਵਿੱਚੋਂ ਕਿਸੇ ਨੇ ਉਸ ਤਾਈਂ ਮਾਤਾ ਦੀ ਗੱਲ ਪਹੁੰਚਾਈ ਤਾਂ ਉਸ ਨੇ ਕਹਿ ਦਿੱਤਾ ਕਿ ਇਸ ਵਿੱਚ ਮੇਰਾ ਕੀ ਕਸੂਰ ਹੈ? ਪ੍ਰਧਾਨ ਜੀ ਨੇ ਹੀ ਤਾਂ ਕਿਹਾ ਸੀ ਕਿ ਮੁੱਖ ਪ੍ਰਾਹੁਣੇ ਦੀ ਰੱਜ ਕੇ ਤਾਰੀਫ ਕਰਨੀ ਹੈ ਤਾਂ ਜੋ ਉਹ ਖੁਸ਼ ਹੋ ਕੇ ਸਕੂਲ ਲਈ ਮੋਟੀ ਰਕਮ ਦੇ ਜਾਵੇ। ਮੰਚ ਸੰਚਾਲਕ ਭੁੱਲ ਗਿਆ ਕਿ ਉਸ ਦਾ ਮਾਈਕ ਚਾਲੂ ਹੈ। ਇਹ ਗੱਲਬਾਤ ਪ੍ਰਧਾਨ ਤੇ ਮੁੱਖ ਪ੍ਰਾਹੁਣੇ ਨੇ ਵੀ ਸੁਣ ਲਈ ਤਾਂ ਉਹ ਇਕ ਦੂਜੇ ਦਾ ਮੂੰਹ ਦੇਖਣ ਲੱਗੇ।

ਮੁੱਖ ਮਹਿਮਾਨ ਉਠ ਕੇ ਮਾਈਕ 'ਤੇ ਚਲਾ ਗਿਆ ਤੇ ਕਹਿਣ ਲੱਗਿਆ, 'ਇੰਜ ਹੁੰਦਾ ਹੀ ਰਹਿੰਦਾ ਹੈ। ਹਰ ਕਿਸੇ ਨੂੰ ਸਾਡੇ ਤੋਂ ਆਸ ਹੁੰਦੀ ਹੈ। ਮੈਂ ਇਸ ਦਾ ਬੁਰਾ ਨਹੀਂ ਮੰਨਦਾ', ਪਰ ਮੰਚ ਸੰਚਾਲਕ ਦਾ ਹਾਲ ਵੇਖਣ ਵਾਲਾ ਸੀ।

ਮੈਨੂੰ ਯਾਦ ਹੈ ਕਿ ਜਦੋਂ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਬਣੇ ਤਾਂ ਜਲੰਧਰ ਵਿਖੇ ਇਕ ਵੱਡੇ ਪ੍ਰੋਗਰਾਮ ਦਾ ਕੋਈ ਉਦਘਾਟਨ ਕਰਨ ਆਏ ਸਨ। ਉਸ ਸਮਾਗਮ ਵਿੱਚ ਮੰਚ ਦੇ ਸਾਹਮਣੇ ਬਣੀ ਵੀ ਆਈ ਪੀ ਗੈਲਰੀ ਵਿੱਚ ਮੈਂ ਵੀ ਬੈਠਾ ਸਾਂ। ਉਸ ਪ੍ਰੋਗਰਾਮ ਦਾ ਸੰਚਾਲਨ ਜਲੰਧਰ ਦੇ ਮਸ਼ਹੂਰ ਰੋਟੇਰੀਅਨ ਸੁਰਿੰਦਰ ਸੇਠ ਕਰ ਰਹੇ ਸਨ। ਉਨ੍ਹਾਂ ਨੇ ਬਹੁਤ ਚੰਗੇ ਢੰਗ ਨਾਲ ਸੰਸਥਾ ਤੇ ਹਾਜ਼ਰ ਲੋਕਾਂ ਬਾਰੇ ਚਾਨਣਾ ਪਾਇਆ। ਪ੍ਰੋਗਰਾਮ ਦੇਰ ਨਾਲ ਸ਼ੁਰੂ ਹੋਇਆ ਸੀ। ਇਸ ਲਈ ਸਮਾਂ ਤਾਂ ਲੱਗਣਾ ਹੀ ਸੀ ਤੇ ਗੁਜਰਾਲ ਸਾਹਿਬ ਨੇ ਵੀ ਸਮੇਂ ਸਿਰ ਜਾਣ ਦੀ ਗੱਲ ਪ੍ਰਬੰਧਕਾਂ ਨੂੰ ਕਹਿ ਦਿੱਤੀ ਸੀ। ਮੰਚ 'ਤੇ ਉਦੋਂ ਦੇ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਵੀ ਬੈਠੇ ਸਨ।

ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਸੁਰਿੰਦਰ ਸੇਠ ਨੇ ਸੰਬੋਧਨ ਕਰਦਿਆਂ ਕਿਹਾ ਕਿ 'ਹੁਣ ਮੈਂ ਬਲਵੰਤ ਸਿਘ ਰਾਮੂਵਾਲੀਆ ਨੂੰ ਬੇਨਤੀ ਕਰਾਂਗਾ ਕਿ ਉਹ ਦੋ ਕੁ ਮਿੰਟ ਸੰਬੋਧਨ ਕਰਨ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਸੰਬੋਧਨ ਹੋਵੇਗਾ।' ਰਾਮੂਵਾਲੀਆ ਬੋਲਣ ਲਈ ਆਏ ਤਾਂ ਉਨ੍ਹਾਂ ਮੁਸਕਰਾਉਂਦੇ ਹੋਏ ਆਪਣੀ ਘੁੱਟਵੀਂ ਆਵਾਜ਼ ਵਿੱਚ ਕਿਹਾ, 'ਲਓ ਜੀ, ਇਹ ਜਿਹੜਾ ਸਟੇਜ ਸਕੱਤਰ ਹੈ, ਇਸ ਨੇ ਮੈਨੂੰ ਦੋ ਮਿੰਟ ਬੋਲਣ ਨੂੰ ਕਿਹਾ ਹੈ। ਸਾਡਾ ਸਾਰਿਆਂ ਦਾ ਟਾਈਮ ਤਾਂ ਇਹ ਸਟੇਜ ਸਕੱਤਰ ਖਾ ਗਿਆ ਤੇ ਹੁਣ ਮੇਰੀ ਵਾਰੀ ਦੋ ਮਿੰਟ। ਭਈ ਮੈਂ ਤਾਂ ਆਪਣੀ ਮਰਜ਼ੀ ਨਾਲ ਬੋਲੂੰਗਾ, ਦੋ-ਦੂ ਮਿੰਟ ਦਾ ਕੋਈ ਮਤਲਬ ਨਹੀਂ।' ਉਨ੍ਹਾਂ ਲੰਬਾ ਭਾਸ਼ਣ ਦਿੱਤਾ। ਸੁਰਿੰਦਰ ਸੇਠ ਪਿੱਛੇ ਖੜੇ ਮੰਦ-ਮੰਦ ਮੁਸਕਰਾਉਂਦੇ ਰਹੇ ਤੇ ਅਸੀਂ ਸਾਰੇ ਸਾਹਮਣੇ ਬੈਠੇ ਮਜ਼ੇ ਲੈਂਦੇ ਰਹੇ। ਰਾਮੂਵਾਲੀਆ ਦੀ ਬੋਲਣ ਦੀ ਸ਼ੈਲੀ ਨਿਵੇਕਲੀ ਹੈ, ਕਿਉਂ ਜੋ ਉਹ ਨੱਕ ਵਿੱਚ ਬੋਲਦੇ ਹਨ। ਇਹ ਸਮਾਗਮ ਮੇਰੇ ਲਈ ਯਾਦਗਾਰੀ ਹੋ ਨਿੱਬੜਿਆ ਸੀ, ਹੋਰਨਾਂ ਨੂੰ ਵੀ ਨਹੀਂ ਭੁੱਲਿਆ ਹੋਵੇਗਾ।

ਜੀਵਨ ਇਕ ਵਗਦਾ ਦਰਿਆ ਹੈ। ਪਤਾ ਨਹੀਂ ਕਿਸ ਵੇਲੇ ਕੀ ਹੋ ਜਾਵੇ। ਮੰਚ ਸੰਚਾਲਨ ਕੋਈ ਸੌਖਾ ਕੰਮ ਨਹੀਂ। ਇਕ ਵਾਰੀ ਮੈਂ ਲਾਇਨਜ਼ ਕਲੱਬ ਦੇ ਸੈਮੀਨਾਰ ਦਾ ਮਾਸਟਰ ਆਫ ਸੈਰੇਮਨੀ ਸੀ। ਸੈਮੀਨਾਰ ਦੇ ਖਾਤਮੇ ਤੋਂ ਪਹਿਲਾਂ ਮਹਿਮਾਨਾਂ ਨੂੰ ਸਨਮਾਨਿਤ ਕਰਨਾ ਸੀ। ਚੰਡੀਗੜ੍ਹ ਤੋਂ ਆਏ ਸਾਬਕਾ ਗਵਰਨਰ ਨੂੰ ਜਦੋਂ ਮੈਂ ਬੁਲਾਇਆ ਤਾਂ ਉਹ ਇਸ ਗੱਲ ਤੋਂ ਨਾਰਾਜ਼ ਹੋ ਗਏ ਕਿ ਮੈਂ ਉਨ੍ਹਾਂ ਉਪਰ ਨਾ ਕੋਈ ਸ਼ੇਅਰ ਬੋਲਿਆ ਤੇ ਨਾ ਉਨ੍ਹਾਂ ਬਾਰੇ ਵਧੀਆ ਸ਼ਬਦ ਬੋਲੇ ਸਨ, ਪਰ ਮੈਂ ਕੀ ਕਰਦਾ, ਮੈਂ ਬੋਲਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਮੇਰੇ ਕੋਲੋਂ ਮਾਈਕ ਖੋਹ ਲਿਆ ਤੇ ਕਹਿਣ ਲੱਗੇ, 'ਧੀਰ ਸਾਹਬ, ਤੁਸੀਂ ਸਾਡੀ ਸਾਰਿਆਂ ਦੀ ਲੀਡਰਸ਼ਿਪ ਬਾਰੇ ਬਹੁਤ ਵਧੀਆ ਸ਼ਬਦਾਂ ਦੀ ਵਰਤੋਂ ਕੀਤੀ ਹੈ। ਮੈਂ ਤੁਹਾਡੀ ਕਮਾਲ ਦੀ ਸ਼ਾਇਰੀ ਅਤੇ ਸ਼ਬਦਾਂ ਦੀ ਚੋਣ ਨੂੰ ਸਲਾਮ ਕਰਦਾ ਹਾਂ। ਤੁਹਾਡੀ ਸ਼ਾਨ ਵਿੱਚ ਅਸੀਂ ਸਾਰੇ ਲਾਇਨ ਲੀਡਰ ਖੜੇ 'ਹੋ ਕੇ ਤੁਹਾਨੂੰ ਵੈਲਕਮ ਕਰਦੇ ਹਾਂ।' ਇਹ ਕਹਿੰਦੇ ਹੋਏ ਉਨ੍ਹਾਂ ਸਨਮਾਨ ਵਜੋਂ ਇਕ ਸ਼ਾਲ ਮੇਰੇ ਗਲੇ ਵਿੱਚ ਪਾ ਦਿੱਤੀ।



ਬਾਅਦ ਵਿੱਚ ਜਦੋਂ ਅਸੀਂ ਉਨ੍ਹਾਂ ਦਾ ਸਨਮਾਨ ਕੀਤਾ ਤਾਂ ਮਮੈਂਟੋ ਦੀ ਥਾਂ 'ਤੇ ਡਬਲ ਬੈਡ ਦੀ ਚਾਦਰ ਦਾ ਪੈਕੇਟ ਦਿੱਤਾ ਸੀ। ਉਨ੍ਹਾਂ ਸੈਮੀਨਾਰ ਦੇ ਖਤਮ ਹੋਣ 'ਤੇ ਕਿਹਾ, 'ਧੀਰ ਸਾਹਿਬ, ਤੁਸੀਂ ਮਮੈਂਟੋ ਨਾ ਦੇ ਕੇ ਬਹੁਤ ਵਧੀਆ ਕੀਤਾ ਹੈ। ਮਮੈਂਟੋਜ਼ ਦੇ ਭੰਡਾਰ ਤੋਂ ਦੁਖੀ ਮੇਰੀ ਘਰ ਵਾਲੀ ਮੈਨੂੰ ਉਦੋਂ ਘਰ ਵੀ ਵੜਨ ਨਹੀਂ ਦਿੰਦੀ ਤੇ ਕਹਿ ਦਿੰਦੀ ਹੈ ਕਿ ਇਕ ਹੋਰ ਲੈ ਆਏ ਓ? ਅੱਜ ਇਸ ਤੋਹਫੇ ਨੂੰ ਦੇਖ ਕੇ ਉਹ ਖੁਸ਼ ਹੋਵੇਗੀ ਤੇ ਘਰ ਅੰਦਰ ਵੀ ਵਾੜ ਲਏਗੀ।' ਅਸੀਂ ਸਾਰੇ ਉਨ੍ਹਾਂ ਦੀ ਗੱਲ ਸੁਣ ਕੇ ਖੂਬ ਹੱਸੇ।

ਗੱਲ ਮੰਚ ਸੰਚਾਲਨ ਦੀ ਯਾਦ ਕਰਦੇ ਹੋਏ ਮੇਰੇ ਲਈ ਉਹ ਦਿਨ ਕਦੇ ਭੁੱਲਣ ਵਾਲਾ ਨਹੀਂ, ਜਦੋਂ ਫਗਵਾੜਾ 'ਚ ਹੋਣ ਵਾਲੀ ਰਾਮ ਕਥਾ ਲਈ ਇਕ ਕੌਮੀ ਪੱਧਰ ਦਾ ਕਥਾਕਾਰ ਆਉਣਾ ਸੀ। ਕਥਾ ਦੇ ਮੰਚ ਸੰਚਾਲਨ ਲਈ ਜ਼ਿੰਮੇਵਾਰੀ ਮੇਰੀ ਸੀ। ਪਹਿਲੇ ਦਿਨ ਜਦੋਂ ਕਥਾ ਸ਼ੁਰੂ ਹੋਈ ਤਾਂ ਮੈਂ ਵਿਆਸ ਗੱਦੀ 'ਤੇ ਬੈਠ ਚੁੱਕੇ ਸੰਤ ਮਹਾਰਾਜ ਨੂੰ ਜੀ ਆਇਆ ਕਹਿਣ ਲਈ ਸੰਬੋਧਨ ਸ਼ੁਰੂ ਕਰਦੇ ਹੋਏ ਕਹਿ ਦਿੱਤਾ, 'ਮਾਨਨੀਏ ਸੰਤ ਸ੍ਰੀ..।' ਮੇਰੇ ਮੂੰਹ 'ਚੋਂ ਨਿਕਲੀ ਗੱਲ ਸੰਤ ਜੀ ਨੇ ਤੁਰੰਤ ਫੜ ਲਈ। ਕਹਿਣ ਲੱਗੇ, 'ਧੀਰ ਜੀ ਹਮੇਂ 'ਮਾਨਨੀਆ' ਸ਼ਬਦ ਸੇ ਮਤ ਪੁਕਾਰੇਂ। ਯੇਹ ਸ਼ਬਦ ਸੰਤੋਂ ਪਰ ਨਹੀਂ, ਲੀਡਰੋਂ ਕੇ ਲੀਏ ਹੈ। ਹਮੇਂ ਉਨ ਕੀ ਕੈਟਾਗਿਰੀ ਮੇਂ ਨਾ ਜੋੜੇ।' ਮੈਂ ਮਾਫੀ ਮੰਗਦੇ ਹੋਏ ਕਿਹਾ, 'ਮਹਾਰਾਜ, ਮਾਫ ਕਰਨਾ। ਕੁਝ ਸ਼ਬਦ ਸਨਮਾਨ ਲਈ ਯਾਦ ਹੁੰਦੇ ਹਨ, ਪਰ ਇਨ੍ਹਾਂ ਦਾ ਫਰਕ ਅੱਜ ਸਮਝ ਆਇਆ ਹੈ।'

ਮੰਚ ਸੰਚਾਲਨ ਕਰਨਾ ਕੋਈ ਸੌਖੀ ਗੱਲ ਨਹੀਂ ਹੁੰਦੀ। ਸ਼ਬਦਾਂ ਨੂੰ ਮੂੰਹੋਂ ਕੱਢਣ ਤੋਂ ਪਹਿਲਾਂ ਇਹ ਸੋਚਣਾ ਪੈਂਦਾ ਹੈ ਕਿ ਮੰਚ ਉੱਤੇ ਬੈਠਾ ਆਦਮੀ ਉਨ੍ਹਾਂ ਸ਼ਬਦਾਂ ਦੇ ਯੋਗ ਹੈ ਜਾਂ ਨਹੀਂ। ਲੀਡਰਾਂ ਨੂੰ ਜੋ ਮਰਜ਼ੀ ਕਹਿ ਕੇ ਸੰਬੋਧਨ ਕਰ ਦਿਓ, ਉਨ੍ਹਾਂ ਨੂੰ ਕਿਹੜਾ ਪਤਾ ਲੱਗਦੈ। ਉਨ੍ਹਾਂ ਨੂੰ ਖੁਸ਼ ਕਰਨਾ ਜ਼ਰੂਰੀ ਹੁੰਦਾ ਹੈ, ਕਿਉਂਕਿ ਪ੍ਰਬੰਧਕ ਇਹੋ ਚਾਹੁੰਦੇ ਹੁੰਦੇ ਹਨ ਕਿ ਉਨ੍ਹਾਂ ਦੀ ਸੰਸਥਾ ਨੂੰ ਚੰਗੀ ਰਕਮ ਮਿਲ ਜਾਵੇ।

ਬੜੀ ਪੁਰਾਣੀ ਗੱਲ ਹੈ, ਜਦੋਂ ਮੈਂ ਜੀ ਏ ਐਮ ਐਸ ਡਿਗਰੀ ਕੋਰਸ (ਆਯੁਰਵੇਦਾਚਾਰਿਆ) ਕਰਨ ਦੇ ਵਕਤ ਆਪਣੇ ਕਾਲਜ ਦਾ ਜਨਰਲ ਸਕੱਤਰ ਸੀ ਤੇ ਕਾਲਜ ਵਿੱਚ ਹੋਏ ਸਾਲਾਨਾ ਪ੍ਰੋਗਰਾਮ 'ਚ ਅਕਾਲੀ ਸਰਕਾਰ ਦੇ ਸਿਹਤ ਮੰਤਰੀ ਰਵੇਲ ਸਿੰਘ ਸਾਡੇ ਕਾਲਜ ਨੂੰ ਢਾਈ ਲੱਖ ਰੁਪਏ ਦੀ ਗ੍ਰਾਂਟ ਦੇ ਗਏ ਸਨ। ਉਨ੍ਹਾਂ ਦੀ ਸ਼ਾਨ ਵਿੱਚ ਕਸੀਦੇ ਪੜ੍ਹਨ ਵਿੱਚ ਮੈਂ ਕੋਈ ਕਸਰ ਨਹੀਂ ਸੀ ਛੱਡੀ। ਮੰਚ ਸੰਚਾਲਨ ਕਰਦੇ ਹੋਏ ਕਦੇ-ਕਦੇ ਸ਼ਬਦਾਂ ਦੀ ਹੇਰ ਫੇਰ ਹੋ ਜਾਵੇ ਤਾਂ ਕੁਝ ਦਾ ਕੁਝ ਹੋ ਜਾਂਦਾ ਹੈ। ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠਾਂ ਆਯੁਰਵੈਦਿਕ ਵਿਭਾਗ ਆਯੂਸ਼ ਮੇਲੇ ਲਾਏ ਜਾਂਦੇ ਹਨ। ਲੁਧਿਆਣਾ ਵਿਖੇ ਸੱਤ ਅੱਠ ਸਾਲ ਪਹਿਲਾਂ ਆਯੂਸ਼ ਮੇਲਾ ਲੱਗਿਆ ਤਾਂ ਉਦਘਾਟਨੀ ਸਮਾਗਮ 'ਚ ਮੰਚ ਸੰਚਾਲਨ ਕਰਦੇ ਹੋਏ ਇਕ ਮਹਿਲਾ ਡਾਕਟਰ ਨੇ ਇਕ ਸ਼ੇਅਰ ਪੜ੍ਹ ਦਿੱਤਾ, ਜਿਸ ਨੂੰ ਸੁਣ ਕੇ ਅਸੀਂ ਸਾਰੇ ਨਾ ਸਿਰਫ ਸੋਚੀਂ ਪੈ ਗਏ, ਸਗੋਂ ਇਸ ਗੱਲ 'ਤੇ ਹੈਰਾਨੀ ਹੋਈ ਕਿ ਸ਼ੇਅਰ ਪੜ੍ਹਨ ਤੋਂ ਪਹਿਲਾਂ ਪੜ੍ਹਨ ਵਾਲੇ ਨੂੰ ਉਸ ਦਾ ਅਰਥ ਪਤਾ ਹੋਣਾ ਚਾਹੀਦੈ। ਉਸ ਨੇ ਕਿਹਾ ਸੀ, 'ਕਬੀਰਾ ਜਬ ਤੁਮ ਆਏ ਜਗਤ ਮੇਂ ਜੱਗ ਹੰਸਾ ਤੁਮ ਰੋਏ, ਐਸੀ ਕਰਨੀ ਕਰ ਚਲੋ..।' ਮਹਿਕਮੇ ਦੇ ਅਫਸਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਫੇਰ ਕਹਿਣ ਲੱਗੀ, 'ਮੁੱਖ ਮਹਿਮਾਨ ਜੀ ਤੁਸੀਂ ਅੱਜ ਕੁਝ ਅਜਿਹਾ ਕਰ ਜਾਓ ਕਿ ਜੱਗ ਵੀ ਖੁਸ਼ ਹੋ ਜਾਵੇ ਤੇ ਮਰੀਜ਼ਾਂ ਨੂੰ ਦਵਾਈਆਂ ਵੀ ਖੂਬ ਮਿਲਣ।' ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੂੰ ਇਹ ਸ਼ੇਅਰ ਕਿਉਂ ਪੜ੍ਹਿਆ ਤਾਂ ਉਹ ਕਹਿਣ ਲੱਗੀ, 'ਮੈਨੂੰ ਤਾਂ ਡਾ. ਮਿੱਤਲ ਨੇ ਲਿਖ ਕੇ ਦਿੱਤਾ ਸੀ।'

# ਢਲਦੇ ਪਰਛਾਵਿਆਂ ਦੀ ਜੁਸਤਜੂ

-ਜੁਗਿੰਦਰ ਸਿੰਘ ਫੁੱਲ

ਚੜ੍ਹਦੇ ਸੂਰਜ ਬਾਰੇ ਕਈ ਪ੍ਰਕਾਰ ਦੇ ਚਾਅ ਅਤੇ ਸਵਾਗਤੀ ਅਹਿਸਾਸ ਹੁੰਦੇ ਹਨ। ਹਰ ਕੋਈ ਖੁੱਲ੍ਹੀਆਂ ਬਾਹਵਾਂ ਨਾਲ ਇਸ ਨੂੰ ਜੀ ਆਇਆਂ ਕਹਿਣ ਲਈ ਤਤਪਰ ਹੁੰਦਾ ਹੈ। ਪੂਰਬ ਦਿਸ਼ਾ ਦੀ ਲਾਲੀ ਅੱਗੇ ਹਰ ਕੋਈ ਸਿਰ ਝੁਕਾਉਂਦਾ ਹੈ। ਭਗਤੀ ਭਾਵਨਾ ਨਾਲ ਸਜਦੇ ਕੀਤੇ ਜਾਂਦੇ ਹਨ, ਪਰ ਸੰਝ ਵੇਲੇ ਦਾ ਨਜ਼ਾਰਾ ਬਿਲਕੁਲ ਉਲਟ ਹੁੰਦਾ ਹੈ। ਅਸਤ ਹੋ ਰਹੇ ਆਫਤਾਬ ਪ੍ਰਤੀ ਪਿਆਰ ਤੇ ਸਤਿਕਾਰ ਦੇ ਅਨੁਭਵ ਗੈਰ ਹਾਜ਼ਰ ਹੋ ਜਾਂਦੇ ਹਨ। ਕਿਸੇ ਦੀਆਂ ਅੱਖੀਆਂ 'ਚ ਹੰਝੂਆਂ ਦਾ ਉਬਾਲ ਨਹੀਂ ਆਉਂਦਾ। ਨਾ ਕੋਈ ਆਪਣੇ ਹਿਰਦੇ 'ਚੋਂ ਹੌਕੇ ਕੱਢ ਕੇ ਆਪਣਾ ਆਪ ਹੌਲਾ ਕਰਦਾ ਹੈ। ਰਾਤ ਪੈਂਦੀ ਹੈ ਤੇ ਅਗਲਾ ਪਹੁ-ਫੁਟਾਲਾ ਨਵੀਆਂ ਵਿਉਂਤਬੰਦੀਆਂ ਦੀਆਂ ਝੋਲੀਆਂ ਭਰ ਕੇ ਆ ਹਾਜ਼ਰ ਹੁੰਦਾ ਹੈ। ਇਹ ਸਮੇਂ ਦੀਆਂ ਰੰਗਤਾਂ ਤੇ ਚਾਲ ਹੈ, ਜੋ ਲੱਖਾਂ ਸਾਲਾਂ ਤੋਂ ਤੁਰੀ ਆਈ ਹੈ। ਇਹੀ ਪ੍ਰਕਿਰਿਆ ਅੱਗੇ ਵਧਦੀ ਜਾਵੇਗੀ। ਸਜਰੀਆਂ ਸਵੇਰਾਂ ਹੁੰਦੀਆਂ ਰਹਿੰਦੀਆਂ ਹਨ। ਸੂਰਜ ਦੀ ਜੋਬਨ ਰੁੱਤ ਤੋਂ ਬਾਅਦ ਪਰਛਾਵਿਆਂ ਦੇ ਢਲਣ ਨੂੰ ਕੋਈ ਰੋਕ ਨਹੀਂ ਸਕਦਾ।

ਆਮ ਕਰਕੇ ਤਸੱਵਰ ਕੀਤਾ ਜਾਂਦਾ ਹੈ ਕਿ ਢਲਦੇ ਪਰਛਾਵਿਆਂ ਦੇ ਕੋਈ ਸੰਕਲਪ ਜਾਂ ਉਦੇਸ਼ ਨਹੀਂ ਹੁੰਦੇ। ਉਨ੍ਹਾਂ ਦੀ ਜ਼ਿੰਦਗੀ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਚੁੱਕੀ ਹੁੰਦੀ ਹੈ। ਇਹ ਭਾਵਨਾ ਜੀਵਨ ਦੇ ਅਨੁਭਵਾਂ ਨਾਲ ਭਰਪੂਰ ਖਜ਼ਾਨਿਆਂ ਨਾਲ ਬੇਇਨਸਾਫੀ ਹੈ, ਕਿਉਂਕਿ ਜੀਵਨ ਦੀ ਇਸ ਸਥਿਤੀ ਵਿੱਚ ਉਨ੍ਹਾਂ ਨੂੰ ਆਪਣੇ ਤਜਰਬਿਆਂ ਨਾਲ ਰਹਿਨੁਮਾਈਆਂ ਦੇਣ ਦਾ ਅਵਸਰ ਪ੍ਰਾਪਤ ਹੋਇਆ ਹੁੰਦਾ ਹੈ। ਜਿਉਂ-ਜਿਉਂ ਭਵਿੱਖ ਦੇ ਵਾਰਸਾਂ ਨੂੰ ਯੋਗ ਅਗਵਾਈਆਂ ਮਿਲਦੀਆਂ ਹਨ। ਉਨ੍ਹਾਂ ਦੀ ਜ਼ਿੰਦਗੀ ਦੇ ਆ ਰਹੇ ਪਲ ਇਨ੍ਹਾਂ ਸੇਧਾਂ ਉਪਰ ਟੇਕ ਲੈਂਦੇ ਹਨ ਅਤੇ ਨਵੇਂ ਢੰਗ ਤਰੀਕਿਆਂ ਨਾਲ ਤੁਰਦੇ ਹੋਏ ਉਹ ਆਧੁਨਿਕ ਰੰਗ ਦੇ ਮੇਚੇ ਦੇ ਅਰਥ ਕੱਢ ਕੇ ਸਫਲ ਰਾਹ ਅਪਣਾਉਂਦੇ ਹਨ। ਜੀਵਨ ਦੇ ਅੰਤਿਮ ਪੜਾਅ ਨੂੰ ਕਦਮ ਵਧਾ ਰਹੇ ਇਨ੍ਹਾਂ ਮੁੱਲਵਾਨ ਪਰਛਾਵਿਆਂ ਦੀ ਕਦਰ ਕਰਨੀ ਹਰ ਇਕ ਦਾ ਫਰਜ਼ ਹੈ।

ਤੜਕੇ ਤੋਂ ਆਰੰਭ ਹੋ ਕੇ ਸਿਖਰ ਦੁਪਹਿਰ ਦੀ ਚਮਕੀਲੀ ਧੁੱਪ ਅਤੇ ਫਿਰ ਦਿਨ ਦੇ ਢਲਣ ਤੱਕ ਦੇ ਅਨੁਭਵਾਂ ਦੀਆਂ ਖੁਸ਼ਬੋਈਆਂ ਅਤੇ ਕੁੜੱਤਣਾਂ ਇਸ ਕੇਂਦਰ ਬਿੰਦੂ 'ਤੇ ਆ ਇਕੱਤਰ ਹੁੰਦੀਆਂ ਹਨ। ਹਨੇਰਾ ਪਸਰਨ ਤੋਂ ਪਹਿਲਾਂ ਇਨ੍ਹਾਂ ਦੇ ਤਜਰਬਿਆਂ ਤੋਂ ਲਾਭ ਪ੍ਰਾਪਤ ਕਰਕੇ ਆਉਣ ਵਾਲੇ ਕੱਲ੍ਹ ਸਬੰਧੀ ਵਿਉਂਤਬੰਦੀਆਂ ਉਲੀਕੀਆਂ ਜਾਂਦੀਆਂ ਹਨ। ਫਿਰ ਅਗਾਮੀ ਦਿਵਸ ਦਾ ਮਿਲਾਪ ਜੋਬਨ ਰੁੱਤ ਨਾਲ ਹੁੰਦਾ ਹੈ। ਇਸ ਉਪਰੰਤ ਬੀਤੇ ਦਿਨ ਵਾਲਾ ਚੱਕਰ ਤੁਰਦਾ ਹੈ। ਪਿਛਲੇ ਅਕਸ ਕੁਝ ਪੈੜਾਂ ਛੱਡ ਕੇ ਆਪਣੀ ਹੋਂਦ ਸਮੇਟੀ ਜਾਂਦੇ ਹਨ। ਪ੍ਰਕਾਸ਼ਹੀਣ ਹੋ ਚੁੱਕੇ ਇਨ੍ਹਾਂ ਪ੍ਰਤੀਬਿੰਬਾਂ ਸਬੰਧੀ ਇਕ ਦੋ ਪੀੜ੍ਹੀਆਂ ਹੀ ਬਾਤਾਂ ਪਾਉਂਦੀਆਂ ਹਨ। ਜਿਉਂ-ਜਿਉਂ ਪੁਸ਼ਤ ਪਾੜਾ ਵਧਦਾ ਜਾਂਦਾ ਹੈ, ਤਿਉਂ-ਤਿਉਂ ਸਮੇਂ ਦੀਆਂ ਤਹਿਆਂ ਥੱਲੇ ਸਭ ਕੁਝ ਲੋਪ ਹੋਈ ਜਾਂਦਾ ਹੈ।

ਸੁੱਕੇ ਹੋਏ ਦਰਿਆ ਦੀ ਰੇਤ ਉਪਰ ਬੈਠੇ ਬੱਚੇ ਜਦ ਘਰੌਂਦਿਆਂ ਦੀ ਹੋਂਦ ਬਣਾਉਂਦੇ ਹਨ ਤਾਂ ਕਿਸੇ ਕਾਲਪਨਿਕ ਦੁਨੀਆ ਵਿੱਚ ਗੁਆਚੇ ਹੁੰਦੇ ਹਨ। ਘਰੋਂ ਆਵਾਜ਼ ਪੈਂਦੀ ਹੈ ਤਾਂ ਉਹ ਸਭ ਕੁਝ ਵਿਸਾਰ ਕੇ ਦੌੜ ਜਾਂਦੇ ਹਨ। ਤੇਜ਼ ਹਵਾ ਦੇ ਬੁੱਲੇ ਉਨ੍ਹਾਂ ਦੀਆਂ ਖੇਡਾਂ ਨੂੰ ਉਡਾ ਕੇ ਹੋਂਦ ਖਤਮ ਕਰ ਦਿੰਦੇ ਹਨ। ਬਿਰਹਣ



ਦੀ ਅੱਖ 'ਚੋਂ ਧਰਤੀ ਉਪਰ ਕਿਰੇ ਹੋਏ ਅੱਥਰੂ ਵਾਂਗਰ ਵਕਤ ਦੇ ਲੰਬੇ ਡਰਾਉਣੇ ਪਰਛਾਵੇਂ ਸਭ ਕੁਝ ਨਿਗਲੀ ਜਾਂਦੇ ਹਨ। ਦਰਿਆਵਾਂ ਦੇ ਪਾਣੀਆਂ ਦਾ ਸਮੁੰਦਰ ਦੀ ਹਿੱਕ 'ਚ ਰਲੇਵਾਂ ਅਤੇ ਰਾਤ ਦੇ ਹਨੇਰੇ 'ਚ ਗੁੰਮ ਹੋ ਗਏ ਪਰਛਾਵਿਆਂ ਦੀ ਮੁੜ ਜੁਸਤਜੂ ਕਰਨੀ ਜ਼ਿੰਦਗੀ ਨੂੰ ਵਾਧੂ ਦੇ ਜੋਖਮ 'ਚ ਪਾਉਣ ਵਾਲਾ ਕਾਰਜ ਹੁੰਦਾ ਹੈ। ਜਦ ਲਾਲ ਹੱਥੋਂ ਡਿੱਗ ਕੇ ਮਿੱਟੀ 'ਚ ਗੁਆਚ ਜਾਂਦਾ ਹੈ ਤਾਂ ਇਸ ਦੀਆਂ ਮੁੜ ਪ੍ਰਾਪਤੀ ਦੀਆਂ ਸੰਭਾਵਨਾਵਾਂ ਮੁੱਕ ਜਾਂਦੀਆਂ ਹਨ। ਸਿਸਕੀਆਂ ਦੀ ਬੋਲੀ ਅਤੇ ਹੰਝੂਆਂ ਦੀ ਭਾਸ਼ਾ ਉਸੇ ਮਨੋਦਸ਼ਾ ਵਾਲਾ ਅਨੁਭਵ ਕਰ ਸਕਦਾ ਹੈ, ਜਿਸ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਰੁਦਨ ਭਰਪੂਰ ਭਾਵਨਾਵਾਂ ਨੂੰ ਦਬਾਉਣ ਤੋਂ ਇਲਾਵਾ ਹੋਰ ਕੁਝ ਹੱਥ ਨਹੀਂ ਆਉਂਦਾ। ਵਿਛੜੇ ਮਹਿਬੂਬ ਦਾ ਮਿਲਾਪ ਕਰਮਾਂ ਵਾਲਿਆਂ ਨੂੰ ਹੀ ਖੁਆਬਾਂ 'ਚ ਹੁੰਦਾ ਹੈ। ਜਦ ਰੀਝਾਂ ਗੁਬਾਰਾਂ ਵਿੱਚ ਗੁਆਚ ਜਾਂਦੀਆਂ ਹਨ ਤਾਂ ਹਮਦਰਦੀ ਦੀਆਂ ਗੱਲਾਂ ਅਸਰ ਰਹਿਤ ਸਿੱਧ ਹੁੰਦੀਆਂ ਹਨ। ਸਮੇਂ ਦੇ ਬੀਤਣ ਨਾਲ ਹਿਰਦੇ ਦੇ ਜ਼ਖਮਾਂ ਦੀਆਂ ਉਪਰਲੀਆਂ ਤਹਿਆਂ ਸ਼ਾਂਤ ਹੋ ਗਈਆਂ ਅਨੁਭਵ ਹੁੰਦੀਆਂ ਹਨ, ਪ੍ਰੰਤੂ ਅੰਦਰੂਨੀ ਅੱਲੇ ਫੱਟ ਸਦੀਵੀਂ ਰਿਸਦੇ ਰਹਿੰਦੇ ਹਨ।

ਢੱਲਦੇ ਪਰਛਾਵੇਂ ਪੁਰਾਤਨ ਸੱਭਿਆਚਾਰ ਅਤੇ ਸੱਭਿਅਤਾ ਦੀਆਂ ਮੋਹਰਾਂ ਹਨ। ਉਨ੍ਹਾਂ ਨੇ ਅੱਧੀ ਸਦੀ ਤੋਂ ਲੈ ਕੇ ਪੂਰੀ ਸਦੀ ਤੱਕ ਬਲਦਾਂ ਦੀਆਂ ਕਲੀਆਂ, ਅਲਗੋਜ਼ਿਆਂ ਦੀਆਂ ਸੁਰਾਂ, ਛਿੰਜਾਂ ਵਿੱਚ ਵੱਜਦੇ ਢੋਲਾਂ ਦੀਆਂ ਆਵਾਜ਼ਾਂ ਤੇ ਬਾਜ਼ੀਗਰਾਂ ਦੀਆਂ ਬਾਜ਼ੀਆਂ ਸਮੇਂ ਹੱਲਾਸ਼ੇਰੀਆਂ ਦੇਣ ਵਾਲੇ ਵਿਅਕਤੀਆਂ ਦੇ ਬੋਲ ਸੁਣੇ ਹੋਏ ਹੁੰਦੇ ਹਨ। ਕੁੱਕੜਾਂ ਦੀਆਂ ਬਾਂਗਾਂ ਨਾਲ ਉਠ ਕੇ ਚਾਟੀਆਂ ਵਿੱਚ ਸੰਗੀਤ ਪੈਦਾ ਕਰਦੀਆਂ ਮਧਾਣੀਆਂ ਦੀ ਮਧੁਰਤਾ ਨਾਲ ਦਾਦੀ ਅੰਮਾ ਵੱਲੋਂ ਗਾਏ ਗਏ ਲੋਕ ਗੀਤਾਂ ਦੀਆਂ ਤੁਕਾਂ ਦੇ ਬੋਲ ਸੁਣੇ ਹੁੰਦੇ ਹਨ। ਉਨ੍ਹਾਂ ਦੇ ਗਿਆਨ ਵਿੱਚ ਇਹ ਸਥਾਈ ਰੂਪ ਵਿੱਚ ਵੱਸੀ ਹੋਈ ਹੁੰਦੀ ਹੈ ਕਿ ਰੱਤੀ ਫੁਲਕਾਰੀ ਵਿੱਚ ਉਨ੍ਹਾਂ ਦੀਆਂ ਮਾਵਾਂ ਨੇ ਆਪਣੇ ਸਾਰੇ ਚਾਅ ਗੁੰਦੇ ਹੋਏ ਹੁੰਦੇ ਸਨ ਅਤੇ ਉਨ੍ਹਾਂ ਦੇ ਸ਼ਗਨਾਂ ਦੇ ਸਮੇਂ ਇਨ੍ਹਾਂ ਨੂੰ ਰੀਝਾਂ ਨਾਲ ਸੰਦੂਕ ਵਿੱਚੋਂ ਕੱਢ ਕੇ ਉਨ੍ਹਾਂ ਉਪਰ ਗੀਤਾਂ ਦੀਆਂ ਤੁਕਾਂ ਦੀ ਸੁਮੇਲਤਾ ਨਾਲ ਦਿੱਤੀਆਂ ਸਨ। ਉਨ੍ਹਾਂ ਖੂਹ ਦੀ ਗਾਦੀ ਉਪਰ ਬੈਠ ਕੇ ਬੈੜਾਂ, ਚੁਹੱਕਲੀਆਂ ਅਤੇ ਕੁੱਤੇ ਦੀ ਟੱਕ-ਟੱਕ ਨੂੰ ਆਪਣੇ ਗੀਤਾਂ ਨਾਲ ਸੰਗੀਤ ਦੇ ਰੂਪ 'ਚ ਮੇਲ ਕੇ ਲੰਮੀਆਂ ਹੇਕਾਂ ਲਾਈਆਂ ਸਨ। ਮੱਕੀ ਦੀਆਂ ਰੋਟੀਆਂ ਨਾਲ ਸਾਗ, ਮੱਖਣ ਅਤੇ ਲੱਸੀ ਦੇ ਛੰਨਿਆਂ ਦਾ ਆਨੰਦ ਪ੍ਰਾਪਤ ਕੀਤਾ ਸੀ। ਉਨ੍ਹਾਂ ਨੇ ਸੰਧਿਆਂ ਵੇਲੇ ਘਰਾਂ ਨੂੰ ਮੁੜਦੇ ਪਸ਼ੂਆਂ ਦੇ ਵੱਗਾਂ ਦੇ ਕਦਮਾਂ ਵਿੱਚੋਂ ਉਠਦੀ ਧੂੜ ਦੀ ਖੁਸ਼ਬੋਈ ਵੀ ਮਾਣੀ ਸੀ। ਉਨ੍ਹਾਂ ਨੇ ਵਿਸਾਖੀ, ਦੀਵਾਲੀ ਤੇ ਹੋਲੀ ਦੀਆਂ ਰੌਣਕਾਂ ਵਿੱਚ ਸ਼ਿਰਕਤ ਕੀਤੀ ਸੀ। ਇਨ੍ਹਾਂ ਦੀਆਂ ਇਹ ਸਾਰੀਆਂ ਗੱਲਾਂ ਸੁਣ ਕੇ ਨਵੇਂ ਜ਼ਮਾਨੇ ਅਤੇ ਜ਼ਿੰਦਗੀ ਦੇ ਨਵੇਂ ਝੁਕਾਵਾਂ ਵਿੱਚ ਵਿਚਰ ਰਹੀਆਂ ਅਗਲੀਆਂ ਪੀੜ੍ਹੀਆਂ ਨੂੰ ਆਪਣੇ ਪੁਰਖਿਆਂ ਦੇ ਸਿੱਧੇ ਸਾਦੇ ਜੀਵਨ ਤੇ ਢੰਗਾਂ ਸਬੰਧੀ ਰੌਸ਼ਨੀ ਪ੍ਰਾਪਤ ਹੁੰਦੀ ਹੈ। ਢੱਲਦੇ ਪਰਛਾਵੇਂ ਕਦਰਾਂ ਅਤੇ ਸਤਿਕਾਰ ਦੇ ਹੱਕਦਾਰ ਹੁੰਦੇ ਹਨ। ਇਨ੍ਹਾਂ ਤੋਂ ਮੂੰਹ ਮੋੜਨ ਵਾਲਾ ਵਿਅਕਤੀ ਜ਼ਿੰਦਗੀ ਦੇ ਪਿੜ ਵਿੱਚ ਕਦੇ ਵੀ ਜੇਤੂ ਹੋ ਕੇ ਨਹੀਂ ਨਿਕਲਦਾ ਅਤੇ ਹਰ ਮੈਦਾਨੇ ਪਿੱਠ ਲਵਾਉਂਦਾ ਹੈ।

ਲੋਪ ਹੋ ਰਹੇ ਸਾਇਆਂ ਦੀ ਕੋਈ ਅੰਤਿਮ ਸੀਮਾ ਨਹੀਂ ਹੁੰਦਾ। ਜਦ ਇਹ ਨਜ਼ਰਾਂ ਤੋਂ ਓਹਲੇ ਹੋ ਜਾਂਦੇ ਤਾਂ ਇਨ੍ਹਾਂ ਦਾ ਵਾਸਾ ਅਹਿਸਾਸਾਂ ਵਿੱਚ ਹੋ ਜਾਂਦਾ ਹੈ। ਵੱਡੇ ਵਡੇਰਿਆਂ ਦੇ ਪਰਛਾਵਿਆਂ ਦੇ ਚਿਹਰਿਆਂ ਉਪਰ ਲਿਖੇ ਹੋਏ ਸੰਦੇਸ਼ਿਆਂ ਅਤੇ ਸਿਰਨਾਵਿਆਂ ਤੋਂ ਸਾਨੂੰ ਪਰਵਾਰਕ ਪਿਛੋਕੜ ਦਾ ਗਿਆਨ ਮਿਲਦਾ ਹੈ। ਇਹ ਮਾਣ ਸਨਮਾਨ ਅਤੇ ਗੌਰਵ ਬਖਸ਼ਦੇ ਹਨ। ਸ਼ਰਮਿੰਦਗੀ ਦਾ ਕਾਰਨ ਵੀ ਸਿੱਧ ਹੋ ਸਕਦੇ ਹਨ। ਜਿਨ੍ਹਾਂ ਦੇ ਘਰ ਬੱਚਿਆਂ ਦਾ ਪ੍ਰਵੇਸ਼ ਉਮਰ ਦੇ ਹਿਸਾਬ ਨਾਲ ਲੇਟ ਹੁੰਦਾ ਐ, ਉਹ ਇਨ੍ਹਾਂ ਨੂੰ ਪੂਰਾ ਪਿਆਰ ਨਹੀਂ ਦੇ ਸਕਦੇ। ਇਨ੍ਹਾਂ ਦੀਆਂ ਪੂਰੀਆਂ ਖੁਸ਼ੀਆਂ ਵੇਖਣ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਦੇ ਇਹ ਭਵਿੱਖੀ ਵਾਰਸ ਦੂਜਿਆਂ 'ਤੇ ਨਿਰਭਰ ਹੋ ਕੇ ਪ੍ਰਫੁੱਲਤ ਹੁੰਦੇ ਹਨ ਤੇ ਉਨ੍ਹਾਂ ਦੀ ਸ਼ਖਸੀਅਤ ਦਾ ਸਰਵ ਪੱਖੀ ਵਿਕਾਸ ਰੁਕ ਜਾਂਦਾ ਹੈ। ਉਨ੍ਹਾਂ ਨੂੰ ਯੋਗ ਅਗਵਾਈਆਂ ਪ੍ਰਾਪਤ ਨਹੀਂ ਹੁੰਦੀਆਂ ਤੇ ਉਹ ਦੱਬੇ ਘੁੱਟੇ ਆਤਮਹੀਣਤਾ ਦੀ ਹਾਲਤ 'ਚ ਵਿਚਰਦੇ ਹਨ।

ਪਿਛੇਤੀ ਉਮਰ 'ਚ ਸਖਤ ਮਿਹਨਤ ਮੌਤ ਦੇ ਕਦਮਾਂ ਨੂੰ ਤੇਜ਼ ਕਰ ਦਿੰਦੀ ਹੈ। ਘੱਟ ਰਹੀ ਸਰੀਰਕ ਸਮਰੱਥਾ ਤੇ ਵਧ ਰਿਹਾ ਬੋਝ ਨਿਰਾਸ਼ਾ ਤੇ ਮਾਨਸਿਕ ਦਬਾਅ ਵਧਾਉਂਦਾ ਹੈ। ਜਦੋਂ ਸਰੀਰ ਅਤੇ ਅੰਦਰੂਨੀ ਭਾਵਨਾਵਾਂ ਦੋਵੇਂ ਡਾਵਾਂਡੋਲ ਹੋ ਜਾਣ ਤਾਂ ਖੁਸ਼ੀਆਂ ਮਨਫੀ ਹੋ ਜਾਂਦੀਆਂ ਹਨ। ਹੁਲਾਸ ਦੀ ਗੈਰ ਹਾਜ਼ਰੀ 'ਚ ਅੰਤਿਮ ਸਮਾਂ ਆ ਪੁੱਜਦਾ ਹੈ।

# ਮੈਂ ਸਰਕਾਰੀ ਸਕੂਲ ਵਿੱਚ ਪੜ੍ਹਦਾ ਹਾਂ

-ਨੀਰਜ ਯਾਦਵ

ਮੈਂ ਅਕਸਰ ਆਪਣੇ ਸਕੂਲ ਅਤੇ ਆਪਣੇ ਦੋਸਤ ਹਰਮਨ ਦੇ ਸਕੂਲ ਵਿੱਚ ਫਰਕ ਸਮਝਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਮੇਰੀ ਛੋਟੀ ਉਮਰ ਮੈਨੂੰ ਇਸ ਫਰਕ ਨੂੰ ਸਮਝਣ ਨਹੀਂ ਦਿੰਦੀ। ਉਸ ਦੇ ਸਕੂਲ ਦਾ ਨਾਂ ਸੇਠ ਕਰੋੜੀ ਮੱਲ ਸਕੂਲ ਹੈ ਤੇ ਮੇਰੇ ਸਕੂਲ ਦਾ ਨਾਂ ਸਰਕਾਰੀ ਪ੍ਰਾਇਮਰੀ ਸਕੂਲ। ਕੀ ਇਨ੍ਹਾਂ ਦੋਵਾਂ ਨਾਵਾਂ 'ਚ ਕੋਈ ਫਰਕ ਹੈ ਜਾਂ ਅਸਲੀ ਫਰਕ ਹੀ ਇਨ੍ਹਾਂ ਨਾਵਾਂ ਕਰਕੇ ਹੈ? ਇਹ ਸਵਾਲ ਅਜੇ ਅਣਸੁਲਝਿਆ ਹੈ। ਮੇਰਾ ਬਾਪ ਆਪਣੇ ਮਿੱਟੀ ਨਾਲ ਭਰੇ ਕੱਪੜੇ ਝਾੜਦਾ ਤੇ ਪਸੀਨੇ ਦੀ ਮੁਸ਼ਕ ਮਾਰਦੇ ਸਰੀਰ ਨੂੰ ਮੇਰੇ ਕੋਲ ਲਿਆ ਕੇ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ, 'ਪੁੱਤਰਾ! ਕੋਈ ਫਰਕ ਨਹੀਂ ਦੋਵਾਂ ਸਕੂਲਾਂ ਵਿੱਚ। ਸਭ ਅਮੀਰਾਂ ਦੇ ਚੋਂਚਲੇ ਹਨ। ਮੈਨੂੰ ਉਸ ਦੀਆਂ ਅੱਖਾਂ ਵਿੱਚੋਂ ਬੇਬਸੀ ਝਲਕਦੀ ਸਾਫ ਵਿਖਾਈ ਦਿੰਦੀ ਹੈ। ਦਿਲੋਂ ਤਾਂ ਉਹ ਵੀ ਮੈਨੂੰ ਸੇਠ ਕਰੋੜੀ ਮੱਲ ਸਕੂਲ ਵਿੱਚ ਪੜ੍ਹਾਉਣਾ ਚਾਹੁੰਦਾ ਹੈ, ਪਰ ਜੇਬ ਸਾਥ ਨਹੀਂ ਦਿੰਦੀ ਉਸ ਦੀ। ਇਸ ਲਈ ਮੈਂ ਸਰਕਾਰੀ ਸਕੂਲ ਦਾ ਵਿਦਿਆਰਥੀ ਹਾਂ। ਜਦ ਮੈਂ ਸਰਕਾਰੀ ਸਕੂਲ ਵਿੱਚ ਜਾਂਦਾ ਹਾਂ ਤਾਂ ਓਥੇ ਮੁਰੰਮਤ ਮੰਗਦੀ ਇਮਾਰਤ ਮੈਨੂੰ ਪਿਆਰ ਨਾਲ ਆਪਣੇਪਣ ਦਾ ਅਹਿਸਾਸ ਕਰਾਉਂਦੀ ਜਾਪਦੀ ਹੈ। ਇੰਜ ਲੱਗਦਾ ਹੈ ਕਿ ਜਿਵੇਂ ਉਹ ਆਪਣੀ ਉਮਰ ਪੁਗਾ ਚੁੱਕੀ ਹੋਣ ਦੇ ਬਾਵਜੂਦ ਜ਼ਿੰਦਗੀ ਜਿਉਣ ਦਾ ਸਲੀਕਾ ਸਿਖਾਉਣ ਲਈ ਬਿਲਕੁਲ ਤਰੋਤਾਜ਼ਾ ਹੈ। ਸਕੂਲ ਦੇ ਆਂਗਨ ਵਿੱਚ ਪੜ੍ਹਦੇ ਤੇ ਖੇਡਦੇ ਬੱਚੇ ਮੈਨੂੰ ਸੇਠ ਕਰੋੜੀ ਮੱਲ ਸਕੂਲ ਦੇ ਬੱਚਿਆਂ ਵਰਗੇ ਹੀ ਲੱਗਦੇ, ਪਰ ਸਾਡੇ ਸਕੂਲ ਵਿੱਚ ਪੜ੍ਹਾਈ ਦਾ ਵੱਖਰਾ ਤਰੀਕਾ ਹੈ। ਅਧਿਆਪਕ ਸੋਹਣੇ ਤੇ ਸੌਖੇ ਤਰੀਕੇ ਨਾਲ ਸਾਨੂੰ ਸਮਝਾਉਂਦੇ ਹਨ, ਪਰ ਸੇਠ ਕਰੋੜੀ ਮੱਲ ਸਕੂਲ ਦੀ ਇਮਾਰਤ ਹੀ ਇੰਨੀ ਖੂਬਸੂਰਤ ਹੈ ਕਿ ਮੇਰੇ ਵਰਗੇ ਬੱਚਿਆਂ ਦੇ ਨਾਲ-ਨਾਲ ਉਨ੍ਹਾਂ ਦੇ ਮਾਪੇ ਵੀ ਉਸ ਵੱਲ ਖਿੱਚੇ ਜਾਂਦੇ ਹਨ।

ਕਈ ਵਾਰ ਮੇਰਾ ਕੋਮਲ ਮਨ ਇਹ ਸੁਪਨਾ ਵੇਖਦਾ ਹੈ ਕਿ ਮੈਂ ਉਸ ਸਕੂਲ ਦਾ ਵਿਦਿਆਰਥੀ ਹਾਂ, ਮੈਂ ਵੀ ਸੋਹਣੀ ਵਰਦੀ ਪਾਈ ਹੋਈ ਹੈ, ਸੋਹਣਾ ਬਸਤਾ ਤੇ ਰੰਗ ਬਰੰਗੀਆਂ ਕਿਤਾਬਾਂ ਲੈ ਕੇ ਸਜੀ ਹੋਈ ਜਮਾਤ ਦੇ ਸਾਫ ਸੁਥਰੇ ਤੇ ਸੋਹਣੇ ਵਿਦਿਆਰਥੀਆਂ ਨਾਲ ਪੜ੍ਹਾਈ ਕਰ ਰਿਹਾ ਹਾਂ। ਉਸ ਸਮੇਂ ਮੈਨੂੰ ਮੇਰਾ ਸਕੂਲ ਸੇਠ ਕਰੋੜੀ ਮੱਲ ਸਕੂਲ ਸਾਹਮਣੇ ਬਹੁਤ ਛੋਟਾ ਤੇ ਗੰਦਾ ਨਜ਼ਰ ਆਉਂਦਾ ਹੈ। ਫਿਰ ਅਚਾਨਕ ਸੁਪਨਾ ਟੁੱਟ ਜਾਂਦਾ ਹੈ ਤੇ ਮੈਨੂੰ ਸੱਚਾਈ ਦਾ ਅਹਿਸਾਸ ਹੁੰਦਾ ਹੈ ਕਿ ਮੈਂ ਸਰਕਾਰੀ ਸਕੂਲ ਦਾ ਵਿਦਿਆਰਥੀ ਹਾਂ। ਮੇਰੇ ਦਾਦਾ ਜੀ ਦੱਸਦੇ ਹਨ ਕਿ ਪੁੱਤਰ! ਪਹਿਲਾਂ ਸੇਠ ਕਰੋੜੀ ਮੱਲ ਵਰਗੇ ਸਕੂਲ ਨਹੀਂ ਹੁੰਦੇ ਸਨ। ਸਰਕਾਰੀ ਸਕੂਲ ਹੀ ਹੁੰਦੇ ਸਨ ਤੇ ਵੱਡੇ ਛੋਟੇ ਘਰਾਂ ਦੇ ਬੱਚੇ ਉਥੇ ਹੀ ਪੜ੍ਹਦੇ ਸਨ। ਅਮੀਰੀ ਗਰੀਬੀ ਦਾ ਕੋਈ ਭੇਦਭਾਵ ਨਹੀਂ ਸੀ ਹੁੰਦਾ ਸਕੂਲਾਂ ਵਿੱਚ। ਸਾਰੇ ਇਕੱਠੇ ਪੜ੍ਹਦੇ ਸਨ ਤੇ ਆਪਣੀ ਮਿਹਨਤ ਨਾਲ ਵੱਡੇ-ਵੱਡੇ ਅਫਸਰ ਬਣਦੇ ਸਨ। ਫਿਰ ਪੁੱਤਰ ਸਮਾਂ ਬਦਲ ਗਿਆ। ਸਮੇਂ ਦੀਆਂ ਸਰਕਾਰਾਂ ਨੇ ਸਰਕਾਰੀ ਸਕੂਲਾਂ ਅਤੇ ਸਰਕਾਰੀ ਸਿੱਖਿਆ ਦਾ ਭੋਗ ਪਾਉਣ ਦਾ ਇਰਾਦਾ ਕਰ ਲਿਆ ਲੱਗਦਾ ਹੈ। ਇਨ੍ਹਾਂ ਦੀ ਬਦਨੀਤ ਨੇ ਸਿੱਖਿਆ ਦਾ ਅਸਲ ਮੰਤਵ ਹੀ ਪੈਰਾਂ ਹੇਠ ਰੋਲ ਕੇ ਰੱਖ ਦਿੱਤਾ ਹੈ। ਜੋ ਸਿੱਖਿਆ ਸਭ ਲਈ ਸੀ, ਉਹ ਗਰੀਬ ਪਰਵਾਰਾਂ ਦੇ ਬੱਚਿਆਂ ਲਈ ਸੁਪਨਾ ਬਣਦੀ ਜਾ ਰਹੀ ਹੈ ਤੇ ਉਹ ਵੀ ਅਜਿਹਾ ਸੁਪਨਾ ਜੋ ਸ਼ਾਇਦ ਕਦੇ ਸਾਕਾਰ ਨਾ ਹੋਵੇ।

ਮੈਨੂੰ ਦਾਦਾ ਜੀ ਦੀਆਂ ਗੱਲਾਂ ਜ਼ਿਆਦਾ ਸਮਝ ਨਹੀਂ ਆਈਆਂ, ਪਰ ਉਨ੍ਹਾਂ ਦੀ ਅੱਖਾਂ ਵਿੱਚ ਦਰਦ ਜ਼ਰੂਰ ਮਹਿਸੂਸ ਹੋਇਆ ਕਿ ਕੁਝ ਗਲਤ ਹੋ ਰਿਹਾ ਹੈ। ਇਨ੍ਹਾਂ ਸੋਚਾਂ ਵਿੱਚ ਡੁੱਬੇ ਹੋਏ ਕਦ ਸਾਲਾਨਾ ਇਮਤਿਹਾਨ ਆ ਗਏ, ਪਤਾ ਹੀ ਨਹੀਂ ਲੱਗਾ। ਜਦੋਂ ਮਾਸਟਰ ਜੀ ਨੇ ਜਮਾਤ ਵਿੱਚ ਇਮਤਿਹਾਨਾਂ ਬਾਰੇ ਦੱਸਿਆ ਤਾਂ ਇਕ ਵਾਰ ਇੰਜ ਲੱਗਾ ਜਿਵੇਂ ਕਿਸੇ ਨੇ ਗੂੜ੍ਹੀ ਨੀਂਦ ਤੋਂ ਝੂਣ ਕੇ ਜਗਾ ਦਿੱਤਾ ਹੋਵੇ। ਇਸ ਤੋਂ ਵੱਧ ਇਹ ਸੁਣ ਕੇ ਹੈਰਾਨੀ ਹੋਈ ਕਿ ਸਾਡੇ ਸਾਲਾਨਾ ਇਮਤਿਹਾਨ ਸੇਠ ਕਰੋੜੀ ਮੱਲ ਸਕੂਲ ਵਿੱਚ ਹੋਣੇ ਹਨ। ਇਕ ਪਾਸੇ ਇਮਤਿਹਾਨ ਦਾ ਫਿਕਰ ਸੀ, ਦੂਜੇ ਪਾਸੇ ਸੇਠ ਕਰੋੜੀ ਮੱਲ ਸਕੂਲ ਦੇ ਅੰਦਰ ਜਾਣ ਦੀ ਖੁਸ਼ੀ। ਪਤਾ ਹੀ ਨਹੀਂ ਲੱਗਾ ਕਿ ਕਦ ਛੁੱਟੀ ਹੋਈ ਤੇ ਕਦ ਘਰ ਪਹੁੰਚ ਗਿਆ। ਇਮਤਿਹਾਨ ਦੀ ਤਿਆਰੀ ਸ਼ੁਰੂ ਹੋ ਗਈ। ਮਾਸਟਰ ਜੀ ਬਹੁਤ ਵਧੀਆ ਸਮਝਾਉਂਦੇ ਸਨ ਤੇ ਅੱਜ ਕੱਲ੍ਹ ਉਹ ਹੋਰ ਵੀ ਸੌਖੇ ਤੇ ਵਧੀਆ ਤਰੀਕੇ ਨਾਲ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗੇ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਅਸੀਂ ਵਧੀਆ ਨੰਬਰ ਲੈ ਕੇ ਪਾਸ ਹੋਵਾਂਗੇ। ਅਸੀਂ ਉਨ੍ਹਾਂ ਦੇ ਵਿਸ਼ਵਾਸ ਨੂੰ ਪੂਰਾ ਕਰਨ ਵਿੱਚ ਕਸਰ ਨਹੀਂ ਛੱਡਣਾ ਚਾਹੁੰਦੇ ਸੀ। ਇਸ ਲਈ ਪੜ੍ਹਾਈ ਪੂਰੇ ਜੋਸ਼ ਨਾਲ ਹੁੰਦੀ ਸੀ। ਉਹ ਦਿਨ ਆ ਗਿਆ, ਜਿਸ ਦਿਨ ਇਮਤਿਹਾਨ ਸੀ। ਮੈਂ ਪੁਰਾਣੀ ਤੇ ਕਈ ਥਾਵਾਂ ਤੋਂ ਸਿਲਾਈ ਕੀਤੀ ਵਰਦੀ ਪਾ ਕੇ ਸੇਠ ਕਰੋੜੀ ਮੱਲ ਸਕੂਲ ਵੱਲ ਨੂੰ ਕਦਮਤਾਲ ਸ਼ੁਰੂ ਕਰ ਦਿੱਤੀ। ਇਕ ਇਮਤਿਹਾਨ ਦਾ ਡਰ, ਦੂਜਾ ਸਕੂਲ ਅੰਦਰੋਂ ਵੇਖਣ ਦੀ ਖੁਸ਼ੀ ਸੀ।

ਉਸ ਸਕੂਲ ਨੂੰ ਵੇਖ ਕੇ ਮੈਂ ਇਮਤਿਹਾਨ ਭੁੱਲ ਗਿਆ। ਅਚਾਨਕ ਮਾਸਟਰ ਜੀ ਦੀ ਪਿਆਰ ਭਰੀ ਆਵਾਜ਼ ਨੇ ਯਾਦ ਕਰਵ-ਾਇਆ ਕਿ ਮੈਂ ਇਮਤਿਹਾਨ ਦੇਣ ਆਇਆ ਹਾਂ ਤੇ ਮੈਂ ਸਰਕਾਰੀ ਸਕੂਲ ਦਾ ਵਿਦਿਆਰਥੀ ਹਾਂ। ਮਾਸਟਰ ਜੀ ਕੋਲੋਂ ਅਸ਼ੀਰਵਾਦ ਲੈ ਕੇ ਇਮਤਿਹਾਨ ਦੇਣ ਲਈ ਵੱਡੇ ਕਮਰੇ ਵਿੱਚ ਡੈਸਕ 'ਤੇ ਜਾ ਬੈਠਾ। ਪੇਪਰ ਮਿਲ ਗਿਆ ਤੇ ਸ਼ੁਰੂ ਕਰਨ ਤੋਂ ਪਹਿਲਾਂ ਰੱਬ ਦਾ ਨਾਂ ਲੈਣ ਲਈ ਅੱਖਾਂ ਬੰਦ ਕੀਤੀਆਂ ਤਾਂ ਅੱਖਾਂ ਅੱਗੇ ਮਿੱਟੀ ਨਾਲ ਭਰੇ ਕੱਪੜੇ ਝਾੜਦਾ ਬਾਪੂ ਤੇ ਸਰਕਾਰਾਂ ਦੀ ਗੱਲਾਂ ਕਰਦੇ ਦਾਦਾ ਜੀ ਆ ਗਏ। ਇਕਦਮ ਅੱਖਾਂ ਖੁੱਲ੍ਹ ਗਈਆਂ ਤੇ ਵਿਸ਼ਵਾਸ ਨਾਲ ਪੇਪਰ ਲਿਖਣਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਬਾਅਦ ਅਚਾਨਕ ਮਾਸਟਰ ਜੀ ਮੁੱਖ ਅਧਿਆਪਕ ਨਾਲ ਸਾਡੇ ਘਰ ਆਏ। ਦਾਦਾ ਜੀ ਡਰ ਗਏ ਕਿ ਮੈਂ ਜ਼ਰੂਰ ਸਕੂਲ ਵਿੱਚ ਕੋਈ ਸ਼ਰਾਰਤ ਕੀਤੀ ਹੈ, ਜਿਸ ਕਾਰਨ ਮਾਸਟਰ ਜੀ ਘਰ ਆਏ ਹਨ।

ਸੱਚ ਦੱਸਾਂ, ਉਨ੍ਹਾਂ ਨੂੰ ਅਚਾਨਕ ਆਪਣੇ ਘਰ ਆਇਆ ਵੇਖ ਕੇ ਡਰ ਮੈਂ ਵੀ ਗਿਆ ਸੀ। ਮੁੱਖ ਅਧਿਆਪਕ ਨੇ ਮੈਨੂੰ ਬੜੇ ਪਿਆਰ ਨਾਲ ਆਪਣੇ ਕੋਲ ਬੁਲ-ਾਇਆ ਤੇ ਦਾਦਾ ਜੀ ਨੂੰ ਕਿਹਾ ਕਿ ਤੁਹਾਡੇ ਪੋਤੇ ਨੇ ਇਮਤਿਹਾਨ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਦਾਦਾ ਜੀ ਦੀਆਂ ਅੱਖਾਂ 'ਚੋਂ ਅੱਥਰੂ ਨਿਕਲਦੇ ਮੈਂ ਪਹਿਲੀ ਵਾਰ ਵੇਖੇ ਸਨ। ਬਾਪੂ ਵੀ ਅਚਾਨਕ ਮਜ਼ਦੂਰੀ ਤੋਂ ਘਰ ਰੋਟੀ ਖਾਣ ਆ ਗਿਆ ਤੇ ਗੱਲ ਸੁਣ ਕੇ ਮੈਨੂੰ ਮਿੱਟੀ ਵਾਲੇ ਕੱਪੜਿਆਂ ਵਿੱਚ ਹੀ ਬਾਹਾਂ ਵਿੱਚ ਭਰ ਲਿਆ। ਇਹ ਸਭ ਕੁਝ ਮੈਨੂੰ ਸੁਪਨੇ ਦੀ ਤਰ੍ਹਾਂ ਲੱਗ ਰਿਹਾ ਸੀ, ਕਿਉਂਕਿ ਮੈਂ ਸਰਕਾਰੀ ਸਕੂਲ ਦਾ ਵਿਦਿਆਰਥੀ ਹਾਂ।




ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਸਾਕਾ ਸਰਹੰਦ ਇਤਿਹਾਸ ਦੀ ਅਦੁਤੀ ਹਿਰਦੇਵੇਧਕ ਘਟਨਾ

-ਹਰਚੰਦ ਸਿੰਘ ਬਾਸੀ-



ਸਾਕਾ ਸਰਹਿੰਦ ਦੁਨੀਆਂ ਇਤਿਹਾਸ ਵਿੱਚ ਦਿਲ ਕੰਬਾਊ ਸਾਕਾ ਹੈ। ਇਤਿਹਾਸ ਵਿੱਚ ਇਹ ਤਾਂ ਹੁੰਦਾ ਆਇਆ ਹੈ ਦੋ ਧਿਰਾਂ ਦੀ ਲੜਾਈ ਵਿੱਚ ਇੱਕ ਦੂਜੇ ਦੇ ਵਿਅੱਕਤੀ ਮਾਰੇ ਗਏ ਜਾਂ ਪਕੜ ਕੇ ਉਹਨਾਂ ਨੂੰ ਬਹੁਤ ਸਾਰੇ ਅਣਮਨੁੱਖੀ ਤਸੀਹੇ ਦਿਤੇ ਗਏ। ਪਰ ਮਾਪਿਆਂ ਤੋਂ ਬਦਲਾ ਲੈਣ ਲਈ ਨਿਰਦੋਸ਼ ਮਾਸੂੰਮਾਂ ਤੇ ਸਾਕਾ ਸਰਹਿੰਦ ਵਰਗੇ ਜ਼ੁਲਮਾਂ ਦੀ ਦਾਸਤਾਨ ਕਿਤੇ ਨਹੀਂ ਮਿਲਦੀ। ਔਰੰਗਜੇਬ ਦੀ ਜਿਆਦਤੀਆਂ ਖਿਲਾਫ ਅਵਾਜ਼ ਬੁਲੰਦ ਕਰਨ ਵਾਲੇ ਦਸ਼ਮੇਸ਼ ਪਿਤਾ ਗੁਰੁ ਗੋਬਿੰਦ ਸਿੰਘ ਦੇ ਖਿਲਾਫ ਪਹਾੜੀ ਰਾਜਿਆ ਅਤੇ ਮੁਗਲ ਫੌਜਾਂ ਨੇ ਲੜਾਈ ਛੇੜ ਦਿੱਤੀ। ਜਿਸ ਵਿੱਚ ਗੁਰੂ ਜੀ ਨੇ ਉਹਨਾਂ ਨੂੰ ਕਰਾਰੀ ਹਾਰ ਦਿੱਤੀ। ਗੁਰੂ ਗੋਬਿੰਦ ਸਿੰਘ ਦੀ ਵਧਦੀ ਸ਼ਕਤੀ ਤੋਂ ਭੈ ਭੀਤ ਹੋ ਕੇ ਅਨੰਦਪੁਰ ਸਾਹਿਬ ਦੇ ਕਿਲੇ ਨੂੰ ਘੇਰਾ ਪਾ ਲਿਆ। ਮੁਗਲ ਫੌਜਾਂ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਅਨੰਦਗੜ੍ਹ ਦੇ ਕਿਲੇ ਨੂੰ 1704 ਵਿੱਚ ਘੇਰਾ ਪਾ ਲਿਆ। ਇਹ ਘੇਰਾ ਅੱਠ ਮਹੀਨੇ ਤੱਕ ਚਲਦਾ ਰਿਹਾ। ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਲਾ ਖਾਲੀ ਕਰਨ ਲਈ ਕਹਿੰਦੇ ਸਨ। ਪਰ ਗੁਰੂ ਜੀ ਕਿਲੇ ਨੂੰ ਖਾਲੀ ਨਹੀਂ ਕਰਨਾ ਚਾਹੁੰਦੇ ਸਨ। ਉਹਨਾਂ ਨੂੰ ਇਹ ਪਤਾ ਸੀ ਕਿ ਜਦ ਅਸੀਂ ਕਿਲੇ ਤੋਂ ਰਵਾਨਗੀ ਕੀਤੀ ਤਾਂ ਮੁਗਲ ਫੌਜਾਂ ਅਤੇ ਪਹਾੜੀ ਰਾਜਿਆਂ ਦੀ ਫੌਜਾਂ ਹਮਲੇ ਤੋਂ ਬਾਜ ਨਹੀਂ ਆਉਣਗੀਆਂ। ਲੰਮਾ ਸਮਾਂ ਘੇਰਾ ਪੈਣ ਕਰਕੇ ਕਿਲੇ ਅੰਦਰੋਂ ਖਾਣ ਪੀਣ ਦਿਆਂ ਵਸਤਾਂ ਖਤਮ ਹੋ ਗਈਆਂ। ਸਿੰਘਾਂ ਅਤੇ ਮਾਤਾ ਗੁਜ਼ਰੀ ਜੀ ਨੇ ਗੁਰੂ ਜੀ ਨੂੰ ਕਿਲਾ ਛੱਡਣ ਲਈ ਮੰਨ ਜਾਣ ਲਈ ਕਿਹਾ। ਮੁਗਲ ਫੌਜਾਂ ਨੇ ਕੁਰਾਨ ਹੱਥ ਵਿੱਚ ਲੈ ਕੇ ਸਹੁੰ ਖਾਧੀ ਕਿ ਗੁਰੂ ਜੀਨੂੰ ,ਉਸ ਦੇ ਪ੍ਰੀਵਾਰ ਅਤੇ ਸਿੰਘਾ ਨੂੰ ਸੁਰੱਖਿਅਤ ਰਸਤਾ ਦਿਤਾ ਜਾਏਗਾ। ਇਹਨਾਂ ਦਾ ਕਿਸੇ ਕਿਸਮ ਦਾ ਨੁਕਸਾਨ ਨਹੀਂ ਹੋਏਗਾ।ਗੁਰੂ ਜੀ, ਮਾਤਾ ਗੁਜ਼ਰੀ ਜੀ,ਚਾਰੇ ਸਾਹਿਬਜ਼ਾਦੇ,ਗੁਰੂ ਜੀ ਦੇ ਮਹਿਲ ਦੀਆਂ ਪਤਨੀਆਂ,ਪੰਜ ਪਿਆਰੇ ਅਤੇ ਕੁੱਝ ਸਿੰਘਾ ਨੇ ਵੀਹ ਦਸੰਬਰ ਦੀ ਅਤਿ ਠੰਢੀ ਰਾਤ ਨੂੰ ਕਿਲਾ ਛਡ ਕੇ ਰੋਪੜ ਵੱਲ ਨੂੰ ਚਾਲੇ ਪਾ ਲਏ। ਮੁਗਲ ਫੌਜਾਂ ਨੇ ਪਾਈਆਂ ਕਸਮਾਂ ਨੂੰ ਤੋੜ ਕੇ 20-21 ਦਸੰਬਰ ਨੂੰ ਅਨੰਦਪੁਰ ਸਾਹਿਬ ਤੋਂ ਲੱਗ ਪੱਗ 25 ਕਿਲੋ ਮੀਟਰ ਦੀ ਦੂਰੀ ਤੇ ਸਰਸਾ ਨਦੀ ਵੱਲ ਸੰਨ ਲਾ ਕੇ ਹਮਲੇ ਕਰਨੇ ਸ਼ੁਰੂ ਕਰ ਦਿਤੇ। ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਜਿਸ ਨਾਲ ਪ੍ਰੀਵਾਰ ਨਿਖੜ ਗਿਆ।ਜਿਸ ਥਾਂ ਤੋਂ ਪ੍ਰੀਵਾਰ ਵਿਛੜ ਗਿਆ। ਇਸ ਜਗਾਹ ਨੂੰ ਹੁਣ ਪ੍ਰੀਵਾਰ ਵਿਛੋੜਾ ਕਿਹਾ ਜਾਂਦਾ ਹੈ। ਇਸ ਥਾਂ ਤੇ ਸ਼ਾਨਦਾਰ ਗੁਰਦੁਆਰਾ ਸਾਹਿਬ ਪਰੀਵਾਰ ਵਿਛੋੜਾ ਬਣਿਆ ਹੋਇਆ ਹੈ।

ਮਾਤਾ ਗੁਜ਼ਰੀ ਜੀ, ਛੋਟੇ ਸਾਹਿਬਜ਼ਾਦੇ,ਗੁਰੂ ਜੀ ਦਾ ਰਸੋਈਆ ਗੰਗੂ ਪੰਡਤ ਅਤੇ ਕੁਝ ਕਸਮੀਰੀ ਪੰਡਤ ਗੰਗੂ ਦੇ ਪਿੰਡ ਮੋਰਿੰਡੇ ਨੇੜੇ ਪਿੰਡ ਸਹੇੜੀ(ਖੇੜੀ) ਵੱਲ ਚੱਲ ਪਏ।ਗੁਰੂ ਜੀ ਦੀਆਂ ਪਤਨੀਆਂ ਭਾਈ ਮਨੀ ਸਿੰਘ ਦੀ ਦੇਖ ਰੇਖ ਹੇਠ ਦਿਲੀ ਵੱਲ ਨੂੰ ਚਲੇ ਗਏ। ਗੁਰੁ ਜੀ,ਦੋ ਵੱਡੇ ਸਹਿਬਜ਼ਦੇ ਬਾਬਾ ਅਜੀਤ ਸਿੰਘ ,ਬਾਬਾ ਜੁਝਾਰ ਸਿੰਘ,ਪੰਜ ਪਿਆਰੇ ਅਤੇ ਚਾਲੀ ਸਿੰਘ ਚਮਕੌਰ ਸਾਹਿਬ ਵੱਲ ਚਲੇ ਗਏ ਅਤੇ 21 ਦਸੰਬਰ ਦੀ ਸ਼ਾਮ ਨੂੰ ਇਥੇ ਪਹੁੰਚ ਗਏ। ਇਹ ਦੋਵੇਂ ਸਥਾਨ ਰੋਪੜ ਜਿਲੇ ਵਿੱਚ ਹਨ।

ਚਮਕੌਰ ਸਾਹਿਬ ਦੀ ਭਿਆਨਕ ਲੜਾਈ 22,23 ਦਸੰਬਰ 1704 ਨੂੰ ਹੋਈ। ਇਸ ਲੜਾਈ ਵਿੱਚ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ,ਜੁਝਾਰ ਸਿੰਘ,ਪੰਜ ਪਿਆਰਿਆਂ ਚੋਂ ਤਿੰਨ ਪਿਆਰੇ ਅਤੇ ਚਾਲੀ ਸਿੰਘਾਂ ਨੇ ਆਪਣੀਆਂ ਜਾਨਾਂ ਧਰਮ ਤੋਂ ਨਿਸ਼ਾਵਰ ਕਰ ਦਿਤੀਆਂ।ਇਸ ਲੜਾਈ ਵਿੱਚ ਥੋੜੀ ਗਿਣਤੀ ਵਿੱਚ ਹੁੰਦਿਆਂ ਹੋਇਆਂ ਵੀ ਸਿੰਘਾਂ ਨੇ ਅਦੁਤੀ ਬਹਾਦਰੀ ਦਿਖਾਈ।

ਮਾਤਾ ਗੁਜ਼ਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਕਿਸੇ ਦੇ ਭੇਦ ਦੇਣ ਕਰਕੇ ਵਜ਼ੀਰ ਖਾਂ ਦੇ ਸਿਪਾਹੀਆਂ ਪਿੰਡ (ਖੇੜੀ)ਸਹੇੜੀ ਤੋਂ ਗ੍ਰਿਫਤਾਰ ਕਰ ਲਏ ਗਏ। ਇਹ ਵੀ ਕਿਹਾ ਜਾਂਦਾ ਹੈ ਕਿ ਗੰਗੂਨੇ ਧਨ ਦੇ ਲਾਲਚ ਵਿੱਚ ਆ ਕੇ ਮੁਗਲ ਹਕੂਮਤ ਦੇ ਸਿਪਾਹੀਆਂ ਨੂੰ ਭੇਦ ਦਿਤਾ। ਉਹਨਾਂ ਨੂੰ ਮੋਰਿੰਡਾ ਕੋਤਵਾਲੀ ਲਜਿਾਇਆ ਗਿਆ। ਉਥੋਂ ਉਹ ਸੂਬਾ ਸਰਹਿੰਦ ਦੇ ਹਵਾਲੇ ਕਰ ਦਿਤੇ ਗਏ। ਮਾਤਾ ਗੁਜ਼ਰੀ ਅਤੇ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਵਿੱਚ ਕੈਦ ਕਰ ਲਿਆ ਗਿਆ। ਪੋਹ ਦੀ ਅਤਿ ਠੰਢੀ ਰੁੱਤ ਵਿੱਚ ਉਹਨਾਂ ਨੂੰ ਤਨ ਦੇ ਕਪੜਿਆਂ ਤੋਂ ਇਲਾਵਾ ਕੋਈ ਕੱਪੜਾ ਨਾ ਦਿਤਾ ਗਿਆ। ਇਥੇ ਉਹਨਾਂ ਨੂੰ ਸੂਬਾ ਸਰਹਿੰਦ ਦੀ ਕਚਿਹਰੀ ਵਿੱਚ ਪੇਸ਼ ਕੀਤਾ ਗਿਆ। ਉਹਨਾਂ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਡਰਾਇਆ ਧਮਕਾਇਆ ਗਿਆ ਅਤੇ ਵੱਡੇ ਵੱਡੇ ਲਾਲਚ ਦਿਤੇ ਗਏ। ਪਰ ਬੱਚੇ ਆਪਣੇ ਸਿਦਕ ਤੇ ਪੱਕੇ ਰਹੇ ਉਹ ਕਿਸੇ ਕਿਸਮ ਦੇ ਡਰ ਤੋਂ ਭੈਅ ਭੀਤ ਨਹੀਂ ਹੋਏ ਅਤੇ ਹਰ ਤਰਾਂ ਦੇ ਲਾਲਚ ਨੂੰ ਦੁਰਕਾਰ ਦਿੱਤਾ ਨਕਾਰ ਦਿਤਾ। ਇਹ ਕਿਰਿਆ ਤਿੰਨ ਦਿਨ25,26 27ਦਸੰਬਰ1704 ਦਸੰਬਰ ਤੱਕ ਚੱਲੀ। ਤਿੰਨ ਦਿਨ ਤੱਕ ਸਾਹਿਬਜ਼ਾਦਿਆਂ ਦੇ ਬਚਾਅ ਅਤੇ ਸਜ਼ਾ ਬਾਰੇ ਚਰਚਾ ਹੁੰਦੀ ਰਹੀ। ਨਵਾਬ ਮਲੇਰ ਕੋਟਲਾ ਨੇ ਸੂਬਾ ਸਰਹਿੰਦ ਨੂੰ ਮਾਸੂਮਾਂ ਨੂੰ ਸਜ਼ਾ ਨਾ ਦੇਣ ਬਾਰੇ ਅਪੀਲ ਕੀਤੀ। ਜਿਥੇ ਦਰਬਾਰੀ ਸੁਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਕਰੜੀ ਸਜ਼ਾ ਦੇਣ ਲਈ ਕਿਹਾ।ਜਦ ਬੱਚਿਆਂ ਨੇ ਸੂਬੇ ਦੇ ਕਿਸੇ ਹੁਕਮ ਨੂੰ ਨਾ ਮੰਨਿਆਂ ਚਿੜ ਕੇ ਅਤਿ ਗੁੱਸੇ ਵਿੱਚ ਸਾਹਿਬਜ਼ਾਦਿਆਂ ਨੂੰ ਮੌਤ ਦੀ ਸਜ਼ਾ ਦਾ ਹੁਕਮ ਦੇ ਦਿਤਾ। ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਦੀ ਹਾਜ਼ਰੀ ਵਿੱਚ ਜਿਉਂਦਿਆਂ ਨੂੰ ਕੰਧਾਂ ਵਿੱਚ ਚਿਣ ਦਿਤਾ ਬਾਅਦ ਵਿੱਚ ਕਤਲ ਕਰ ਦਿਤਾ ਗਿਆ। ਮਾਤਾ ਗੁਜ਼ਰੀ ਜੀ ਠੰਡੇ ਬੁਰਜ ਤੋਂ ਇਹ ਕਹਿਰ ਵਾਪਰਦਾ ਦੇਖ ਰਹੀ ਸੀ। ਜਦ ਪੋਤਿਆਂ ਨੂੰ ਸ਼ਹੀਦੀ ਪਾਉਂਦੇ ਵੇਖਿਆ ਤਾਂ ਗਮ ਨਾਲ ਆਪਣੇ ਪ੍ਰਾਣ ਦੇ ਦਿਤੇ। ਸੂਬੇ ਸਰਹੰਦ ਨੇ ਇੰਨੀ ਬੇਰਹਿਮੀ ਦਿਖਾਈ ਗਈ ਕਿ ਉਹਨਾਂ ਦੇ ਸਸਕਾਰ ਕਰਨ ਲਈ ਵੀ ਸਰਕਾਰੀ ਜਗਾਹ ਦੇਣ ਤੋਂ ਮਨਾਹੀ ਕਰ ਦਿਤੀ।ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾ ਨਾਲ ਮੋਹਰਾਂ ਜੋੜ ਕੇ ਜਮੀਨ ਖਰੀਦੀ ਅਤੇ ਹਿੰਦੂ ਰਸਮਾਂ ਅਨੁਸਾਰ ਮਾਤਾ ਗੁਜ਼ਰੀ ਜੀ ਅਤੇ ਛੋਟੇ ਸਾਬਿਜ਼ਾਦਿਆਂ ਦਾ ਸਸਕਾਰ ਕੀਤਾ। ਇੰਨੀ ਕੁ ਜ਼ਮੀਨ ਖਰੀਦਣ ਲਈ ਦੀਵਾਨ ਟੋਡਰ ਮੱਲ ਨੇ ਆਪਣੀ ਪੂੰਜੀ ਅਤੇ ਉਸ ਦੀ ਪਤਨੀ ਨੇ ਘਰ ਦੇ ਜੇਵਰ ਤੱਕ ਵੇਚ ਕੇ 78000 ਸੋਨੇ ਦੀਆਂ ਮੋਹਰਾਂ ਦਾ ਪਰਬੰਧ ਕੀਤਾ।

ਉਧਰ ਜਦ ਗੁਰੁ ਜੀ ਚਮਕੌਰ ਸਾਹਿਬ ਪਹੁੰਚੇ ਤਾਂ ਉਹਨਾਂ ਸ਼ਹਿਰ ਦੇ ਮੁਖੀ ਨੂੰ ਰਾਤ ਠਹਿਰਣ ਲਈ ਹਵੇਲੀ(ਗੜ੍ਹੀ) ਵਿੱਚ ਜਗਾਹ ਮੰਗੀ। ਵੱਡੇ ਭਰਾ ਨੇ ਮੁਗਲ ਹਕੂਮਤ ਦੇ ਡਰ ਤੋਂ ਨਾਂਹ ਕਰ ਦਿਤੀ ਪਰ ਛੋਟੇ ਭਰਾ ਨੇ ਰਹਿਣ ਲਈ ਹਾਂ ਕਰ ਦਿਤੀ। ਮੁਗਲ ਫੌਜ ਆਪਣੇ ਸਾਰੇ ਵਾਅਦੇ ਤੋੜ ਕੇ ਗੁਰੁ ਜੀ ਦੀ ਤਲਾਸ਼ ਕਰਦੀ ਚਮਕੌਰ ਸਾਹਿਬ ਆ ਗਈ।ਉਹਨਾਂ ਦੀ ਮਨਸ਼ਾ ਸੀ ਕਿ ਗੁਰੂ ਜੀ ਨੂੰ ਜਿਉਂਦੇ ਫੜਿਆ ਜਾਏ।ਸਿੰਘਾਂ ਨੇ ਗੁਰਮਤਾ ਕਰਕੇ ਗੁਰੁ ਜੀ ਨੂੰ ਉਥੋਂ ਬਚ ਕੇ ਨਿਕਲ ਜਾਣ ਦਾ ਹੁਕਮ ਦਿਤਾ ਭਾਵ ਮਨਾ ਲਿਆ। ਰਾਤ ਦੇ ਹਨੇਰੇ ਵਿੱਚ ਗੁਰੁ ਜੀ ਦੇ ਸਿੰਘਾਂ ਨੇ ਆਪਣੀ ਸ਼ਸਤਰ ਵਿਦਿਆ ਨਾਲ ਮੁਗਲ ਫੌਜਾਂ ਨੂੰ ਲੜਾਈ ਵਿੱਚ ਉਲਝਾ ਲਿਆ ਅਤੇ ਗੁਰੁ ਜੀ ਕੁਝ ਸਿੰਘਾਂ ਨਾਲ ਉਥੋਂ ਚਲੇ ਗਏ। ਸਾਕਾ ਸਰਹਿੰਦ ਅਤੇ ਚਮਕੌਰ ਦੀ ਗੜੀ ਦੇ ਸਥਾਨ ਤੇ ਸਾਹਿਬਜ਼ਾਦਿਆਂ ਅਤੇ ਸਿੰਘਾਂ ਦੀ ਯਾਦ ਵਿਚ ਬੜੇ ਸ਼ਾਨਦਾਰ ਗੁਰੂਦੁਆਰੇ ਬਣੇ ਹਨ। ਹਰ ਸਾਲ 25,26,27 ਦਸੰਬਰ ਨੂੰ ਫਤਿਹਗੜ੍ਹ ਸਾਹਿਬ ਵਿਖੇ ਭਾਰੀ ਜੋੜ ਮੇਲਾ ਲੱਗਦਾ ਹੈ ਲੱਖਾਂ ਹਜਾਰਾਂ ਦੀ ਗਿਣਤੀ ਵਿੱਚ ਸਿੱਖ ਉਹਨਾਂ ਨੂੰ ਨਤਮਸਤਕ ਹੋਣ ਲਈ ਆਉਂਦੇ ਹਨ। ਜਦ ਮਾਤਾ ਸੁੰਦਰੀ ਨੇ ਗੁਰੁ ਜੀ ਨੂੰ ਪੁੱਤਰਾਂ ਦੇ ਬਾਰੇ ਪੁਛਿਆ ਤਾਂ ਗੁਰੁ ਜੀ ਦਾ ਜਵਾਬ ਸੀ

"ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ"

ਦੇਸਾਂ ਵਿਦੇਸਾਂ ਵਿੱਚ ਜਿਥੇ ਵੀ ਸਿਖ ਬੈਠੇ ਹਨ ਇਸ ਦਿਹਾੜੇ ਤੇ ਬੜੀ ਸ਼ਰਧਾ ਨਾਲ ਉਹਨਾਂ ਦੀ ਯਾਦ ਵਿੱਚ ਰੱਬੀ ਬਾਣੀ ਗੁਰੁ ਗਰੰਥ ਸਾਹਿਬ ਜੀ ਦੇ ਪਾਠ,ਅਖੰਡ ਪਾਠ ਦਾ ਜਾਪ ਕਰਾਉਂਦੇ ਹਨ। ਸੰਗਤਾਂ ਬੜੀ ਸ਼ਰਧਾ ਨਾਲ ਧਾਰਮਿਕ ਸਮਾਗਮਾਂ ਵਿੱਚ ਸਾਮਲ ਹੋ ਕੇ ਅਕਾਲ ਪੁਰਖ ਦੀਆਂ ਬਖਸ਼ਿਸਾਂ ਪਰਾਪਤ ਕਰਦੀਆਂ ਹਨ। ਇਸ ਸਾਲ ਮੱਲ ਸਿੰਘ ਬਾਸੀ, ਪ੍ਰੋ: ਨਿਰਮਲ ਸਿੰਘ ਧਾਰਨੀ ਦੇ ਉਦਮ ਸਦਕਾ ਰੋਪੜ,ਸਰਹਿੰਦ,ਚਮਕੌਰ ਸਾਹਿਬ, ਖੁਮਾਣੋ ਦੀਆਂ ਸੰਗਤਾ ਵੱਲੋਂ ਗੁਰੂਦੁਆਰਾ ਸਿੱਖ ਹੈਰੀਟੇਜ ਵਿਖੇ 21 ਦਸੰਬਰ ਨੂੰ ਸ੍ਰੀ ਗੁਰੁ ਗਰੰਥ ਸਾਹਿਬ ਜੀਦੇ ਅਖੰਡ ਪਾਠ ਸਾਹਿਬ ਦਾ ਪ੍ਰਾਅਰੰਭ ਹੋਵੇਗਾ ਅਤੇ 23 ਦਸੰਬਰ ਦਿਨ ਐਤਵਾਰ ਸਵੇਰੇ ਸਾਢੇ ਦਸ ਵਜੇ ਅਖੰਡਪਾਠ ਦੀ ਸੰਪੂਰਨਤਾ ਤੇ ਅਰਦਾਸ ਹੋਵੇਗੀ। ਸੰਗਤਾਂ ਨੂੰ ਇਸ ਪਵਿਤਰ ਦਿਹਾੜੇ ਤੇ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ

ਸਾਲਾਨਾ ਸ਼ਹੀਦੀ ਜੋੜ ਮੇਲਾ

2018



: ਪ੍ਰੋਗਰਾਮ :

ਗੁਰਦੁਆਰਾ ਉਨਟੈਰੀਓ ਖਾਲਸਾ ਦਰਬਾਰ,
ਡਿਕਸੀ ਰੋਡ, ਮਿਸੀਸਾਗਾ, ਹਾਲ ਨੰਬਰ 3 ਅਤੇ 4

ਆਰੰਭ ਸ੍ਰੀ ਆਖੰਡ ਪਾਠ ਸਾਹਿਬ:
ਐਤਵਾਰ, 23/12/2018, ਸਵੇਰੇ 10:00 ਵਜੇ

ਭੋਗ ਸ੍ਰੀ ਆਖੰਡ ਪਾਠ ਸਾਹਿਬ:
ਮੰਗਲਵਾਰ, 25/12/2018, ਸਵੇਰੇ 11:00 ਵਜੇ

ਮੰਗਲਵਾਰ, 25/12/2018:
ਉਪਰਿਤ ਭੋਗ ਸਵੇਰੇ 11:30 ਵਜੇ:
ਢਾਡੀ ਵਾਰਾਂ, ਕੀਰਤਨ ਦਰਬਾਰ, ਕਥਾ ਪ੍ਰਵਾਹ।

ਗੁਰਮਤਿ ਵੀਚਾਰੁ:
ਭਾਈ ਗੁਲਜ਼ਾਰ ਸਿੰਘ ਜੀ, ਟੋਰਾਂਟੋ।

ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਸ਼ਹੀਦੀ ਯਾਦਗਾਰ ਕਮੇਟੀ

ਫੋਨ : 647-833-2748, 905-670-3311

# ਹਿੰਦੋਸਤਾਨੀ ਲੋਕਾਂ ਨੂੰ ਫਿਰਕਾਪ੍ਰਸਤਾਂ ਤੋਂ ਬਚਣ ਦੀ ਲੋੜ

-ਵਿਨੀਤ ਨਾਰਾਇਣ-

ਤਿੰਨ ਰਾਜਾਂ 'ਚ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਦੋ ਵੱਡੇ ਖਤਰਨਾਕ ਸੰਦੇਸ਼ ਆਏ। ਇੱਕ 'ਚ ਹਰਾ ਝੰਡਾ ਲੈ ਕੇ ਕੁਝ ਨੌਜਵਾਨ ਜਲੂਸ ਕੱਢ ਰਹੇ ਸਨ ਕਿ ਬਾਬਰੀ ਮਸਜਿਦ ਉਥੇ ਹੀ ਬਣਾਵਾਂਗੇ। ਦੂਜੇ ਸੰਦੇਸ਼ ਵਿੱਚ ਕੇਸਰੀ ਝੰਡਾ ਲੈ ਕੇ ਇੱਕ ਜਲੂਸ ਨਿਕਲ ਰਿਹਾ ਸੀ, ਜਿਸ ਵਿੱਚ ਨਾਅਰੇ ਲੱਗ ਰਹੇ ਸਨ-'ਏਕ ਧੱਕਾ ਔਰ ਦੋ, ਜਾਮਾ ਮਸਜਿਦ ਤੋੜ ਦੋ'। ਇਹ ਬਹੁਤ ਖਤਰਨਾਕ ਗੱਲ ਹੈ। ਇਸ ਨਾਲ ਹਿੰਦੂ ਅਤੇ ਮੁਸਲਮਾਨ ਦੋਵੇਂ ਬਰਬਾਦ ਹੋ ਜਾਣਗੇ ਅਤੇ ਮੌਜਾਂ ਕਰਨਗੇ ਉਹ ਸਿਆਸਤਦਾਨ, ਜੋ ਇਸ ਤਰ੍ਹਾਂ ਦਾ ਮਾਹੌਲ ਬਣਾ ਰਹੇ ਹਨ।

ਸਾਲ 1980 ਤੋਂ ਪਹਿਲਾਂ ਮੁਰਾਦਾ-ਬਾਦ ਦਾ ਪਿੱਤਲ ਉਦਯੋਗ ਐਕਸਪੋਰਟ ਦੇ ਮਾਮਲੇ 'ਚ ਅਸਮਾਨ ਛੂਹ ਰਿਹਾ ਸੀ। ਯੂਰਪ ਤੇ ਅਮਰੀਕਾ ਤੋਂ ਖੂਬ ਵਿਦੇਸ਼ੀ ਕਰੰਸੀ ਆ ਰਹੀ ਸੀ। ਲੋਕਾਂ ਦੀ ਤੇਜ਼ੀ ਨਾਲ ਆਰਥਿਕ ਤਰੱਕੀ ਹੋ ਰਹੀ ਸੀ। ਇਸੇ ਦੌਰਾਨ ਕਿਸੇ ਸਿਆਸਤਦਾਨ ਨੇ ਈਦਗਾਹ 'ਚ ਸੂਰ ਛੱਡ ਕੇ ਈਦ ਦੀ ਨਮਾਜ਼ ਵਿੱਚ ਵਿਘਨ ਪਾ ਦਿੱਤਾ। ਉਸ ਪਿੱਛੋਂ ਜਦੋ ਹਿੰਦੂਆਂ-ਮੁਸਲਮਾਨਾਂ ਦੇ ਦੰਗੇ ਹੋਏ ਤਾਂ ਉਨ੍ਹਾਂ 'ਚ ਸੈਂਕੜੇ ਜਾਨਾਂ ਗਈਆਂ। ਮਹੀਨਿਆਂ ਤੱਕ ਕਰਫਿਊ ਲੱਗਾ ਰਿਹਾ। ਪਿੱਤਲ ਉਦਯੋਗ ਨਾਲ ਜੁੜੇ ਹਜ਼ਾਰਾਂ ਪਰਵਾਰ ਤਬਾਹ ਹੋ ਗਏ। ਕਈ ਲੋਕਾਂ ਨੇ ਆਤਮ ਹੱਤਿਆ ਕਰ ਲਈ। ਇਸ ਤ੍ਰਾਸਦੀ ਦਾ ਏਹੋ ਜਿਹਾ ਵਧੀਆ ਅਸਰ ਪਿਆ ਕਿ ਮੁਰਾਦਾਬਾਦ ਦੇ ਹਿੰਦੂਆਂ-ਮੁਸਲਮਾਨਾਂ ਨੇ ਗੱਠ ਬੰਨ੍ਹ ਲਈ ਕਿ ਭਾਵੇਂ ਕੁਝ ਹੋ ਜਾਵੇ, ਉਹ ਸ਼ਹਿਰ 'ਚ ਫਸਾਦ ਨਹੀਂ ਹੋਣ ਦੇਣਗੇ। ਸਾਲ 1990 ਦੇ ਦੌਰ 'ਚ ਜਦੋਂ ਅਯੁੱਧਿਆ ਵਿਵਾਦ ਸਿਖਰਾਂ 'ਤੇ ਸੀ ਤੇ ਜਗ੍ਹਾ-ਜਗ੍ਹਾ ਫਿਰਕਾ ਪ੍ਰਸਤੀ ਭੜਕ ਰਹੀ ਸੀ, ਉਦੋਂ ਵੀ ਮੁਰਾਦਾਬਾਦ ਵਿੱਚ ਕੋਈ ਫਿਰਕੂ ਦੰਗਾ ਨਹੀਂ ਹੋਇਆ।

ਜੋ ਰਾਜਨੇਤਾ ਇਹ ਕਹਿੰਦੇ ਹਨ ਕਿ ਮੁਸਲਮਾਨ ਪਾਕਿਸਤਾਨ ਚਲੇ ਜਾਣ, ਉਹ ਮੂਰਖ ਹਨ। ਇੰਨੀ ਵੱਡੀ ਆਬਾਦੀ ਨੂੰ ਧੱਕੇ ਮਾਰ ਕੇ ਪਾਕਿ-ਸਤਾਨ ਵਿੱਚ ਨਹੀਂ ਵਾੜਿਆ ਜਾ ਸਕਦਾ ਅਤੇ ਨਾ ਉਨ੍ਹਾਂ ਦਾ ਕਤਲੇਆਮ ਹੋ ਸਕਦਾ ਹੈ। ਠੀਕ ਇਸੇ ਤਰ੍ਹਾਂ ਮੁਸਲਮਾਨਾਂ ਦੇ ਜੋ ਮਜ਼੍ਹਬੀ ਨੇਤਾ ਸੁਫਨਾ ਦਿਖਾਉਂਦੇ ਹਨ ਕਿ ਉਹ ਹਿੰਦੂਆਂ ਨੂੰ ਬਦਲ ਕੇ ਭਾਰਤ ਵਿੱਚ ਇਸਲਾਮ ਦੀ ਹਕੂਮਤ ਕਾਇਮ ਕਰਨਗੇ, ਉਹ ਉਨ੍ਹਾਂ ਤੋਂ ਵੀ ਵੱਡੇ ਮੂਰਖ ਹਨ। ਇਹ ਜਾਣਦੇ ਹੋਏ ਕਿ ਕਈ ਸਦੀਆਂ ਤੱਕ ਭਾਰਤ ਉਤੇ ਬਾਹਰਲੇ ਲੋਕਾਂ ਦੀ ਹਕੂਮਤ ਰਹੀ ਅਤੇ ਫਿਰ ਵੀ ਭਾਰਤ ਵਿੱਚ ਹਿੰਦੂ ਬਹੁਗਿਣਤੀ ਹੈ, ਤਾਂ ਅੱਗੋਂ ਇਹ ਕਿਵੇਂ ਸੰਭਵ ਹੈ?

ਇਹ ਗੱਲ ਤੈਅ ਹੈ ਕਿ ਨੇਤਾ ਭਾਵੇਂ ਹਿੰਦੂ ਧਰਮ ਦੇ ਹੋਣ, ਮੁਸਲਮਾਨ, ਈਸਾਈ ਜਾਂ ਸਿੱਖਾਂ ਦੇ, ਉਨ੍ਹਾਂ ਦੇ ਭੜਕਾਊ ਭਾਸ਼ਣ ਆਵਾਮ ਦੇ ਹੱਕ ਲਈ ਨਹੀਂ ਹੁੰਦੇ, ਆਵਾਮ ਨੂੰ ਲੜਾ ਕੇ ਆਪਣੇ ਸਿਆਸੀ ਆਕਾਵਾਂ ਦੇ ਹਿੱਤ ਸਾਧਣ ਲਈ ਹੁੰਦੇ ਹਨ। ਇਨ੍ਹਾਂ ਧਾਰਮਿਕ ਨੇਤਾਵਾਂ ਦੇ ਪ੍ਰਵਚਨਾਂ 'ਚ ਜੇ ਅਧਿਆਤਮ ਜਾਂ ਰੂਹਾਨੀਅਤ ਨਹੀਂ ਤੇ ਰਾਜਨੀਤੀ ਹਾਵੀ ਹੈ ਤਾਂ ਸਾਫ ਹੈ ਕਿ ਉਹ ਸੱਤਾ ਦੀ ਖੇਡ ਖੇਡ ਰਹੇ ਹਨ। ਉਨ੍ਹਾਂ ਦਾ ਮਜ਼੍ਹਬ ਨਾਲ ਕੋਈ ਲੈਣਾ-ਦੇਣਾ ਨਹੀਂ।

ਕੁਝ ਮਹੀਨਿਆਂ 'ਚ ਲੋਕ ਸਭਾ ਚੋਣਾਂ ਹੋਣ ਵਾਲੀਆਂ ਹਨ। ਹਰ ਸਿਆਸੀ ਦਲ ਦੀ ਪੂਰੀ ਕੋਸ਼ਿਸ਼ ਹੋਵੇਗੀ ਕਿ ਉਹ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਪਾੜਾ ਪਾ ਦੇਣ, ਜਿਸ ਨਾਲ ਵੋਟਾਂ ਦਾ ਧਰੁਵੀਕਰਨ ਹੋ ਜਾਵੇ ਅਤੇ ਅਜਿਹੇ ਧਰੁਵੀਕਰਨ ਤੋਂ ਬਾਅਦ ਜਿਨ੍ਹਾਂ ਦੇ ਹੱਥਾਂ ਵਿੱਚ ਸੱਤਾ ਜਾਵੇਗੀ, ਉਹ ਫਿਰ ਜਨਤਾ ਦੀ ਕੋਈ ਪ੍ਰਵਾਹ ਨਹੀਂ ਕਰਨਗੇ। ਧਰਮ ਤੇ ਸੰਸਕ੍ਰਿਤੀ ਦੇ ਨਾਂਅ 'ਤੇ ਛਲਾਵੇ, ਦਿਖਾਵੇ ਅਤੇ ਅਡੰਬਰ ਕੀਤੇ ਜਾਣਗੇ, ਜਿਨ੍ਹਾਂ ਵਿੱਚ ਹਜ਼ਾਰਾਂ ਕਰੋੜ ਰੁਪਿਆ ਖਰਚ ਕਰ ਕੇ ਵੀ ਆਮ ਜਨਤਾ ਨੂੰ ਲਾਭ ਨਹੀਂ ਹੋਣਾ। ਨਾ ਉਸ ਨਾਲ ਪਿੰਡਾਂ ਦੇ ਸਰੋਵਰਾਂ ਵਿੱਚ ਪਾਣੀ ਆਵੇਗਾ, ਨਾ ਉਜੜੇ ਬਾਗਾਂ ਨੂੰ ਫਲ ਲੱਗਣਗੇ, ਨਾ ਉਨ੍ਹਾਂ ਦੀ ਖੇਤੀ ਸੁਧਰੇਗੀ, ਨਾ ਉਨ੍ਹਾਂ ਦੇ ਬੱਚਿਆਂ ਨੂੰ ਰੋਜ਼ਗਾਰ ਮਿਲੇਗਾ। ਫਿਰ ਤੁਸੀਂ ਕਿਸ ਦੇ ਅੱਗੇ ਰੋਵੋਗੇ ਕਿਉਂਕਿ ਜੋ ਸੱਤਾ ਦੇ ਸਿੰਘਾਸਨ 'ਤੇ ਬੈਠ ਜਾਣਗੇ, ਉਹ ਆਪਣਾ ਅਤੇ ਪਾਰਟੀ ਦਾ ਖਜ਼ਾਨਾ ਵਧਾਉਣਗੇ ਤੇ ਜਨਤਾ ਤ੍ਰਾਹ-ਤ੍ਰਾਹ ਕਰੇਗੀ।

ਜੇ ਅਸੀਂ ਘੁਟਣ ਭਰੀ ਜ਼ਿੰਦਗੀ ਤੋਂ ਨਿਜਾਤ ਪਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਦੁਆਲੇ ਦੇ ਮਾਹੌਲ ਨੂੰ ਦੇਖ ਕੇ ਸਮਝਣਾ ਚਾਹੀਦਾ ਹੈ ਕਿ ਅੱਜ ਤੱਕ ਇੰਨੇ ਵਾਅਦੇ ਸੁਣੇ, ਕੀ ਸਾਡੀ ਜ਼ਿੰਦਗੀ ਵਿੱਚ ਕੋਈ ਬਦਲਾਅ ਆਇਆ ਜਾਂ ਨਹੀਂ? ਇਹ ਬਦਲਾਅ ਕਿਸੇ ਸਰਕਾਰ ਕਾਰਨ ਆਇਆ ਜਾਂ ਲੋਕਾਂ ਦੀ ਸਖਤ ਮਿਹਨਤ ਦਾ ਨਤੀਜਾ ਹੈ। ਤੁਸੀਂ ਨਿਰਾਸ਼ ਹੀ ਹੋਵੋਗੇ। ਅਖਬਾਰਾਂ ਦੇ ਵਿਗਿਆਪਨਾਂ ਵਿੱਚ ਸਰਕਾਰਾਂ ਸੈਂਕੜੇ ਕਰੋੜਾਂ ਰੁਪਏ ਖਰਚ ਕਰ ਕੇ ਆਪਣੀ ਕਾਮਯਾਬੀ ਦੇ ਜਿਹੜੇ ਦਾਅਵੇ ਕਰਦੀਆਂ ਹਨ, ਉਹ ਸੱਚਾਈ ਤੋਂ ਕਿੰਨੇ ਦੂਰ ਹੁੰਦੇ ਹਨ, ਤੁਸੀਂ ਜਾਣਦੇ ਹੋ। ਹੁਕਮਰਾਨ ਜਾਂ ਜਾਣਨਾ ਨਹੀਂ ਚਾਹੁੰਦੇ ਜਾਂ ਉਨ੍ਹਾਂ ਨੂੰ ਜ਼ਮੀਨੀ ਹਕੀਕਤ ਦੱਸਣ ਵਾਲਾ ਕੋਈ ਨਹੀਂ, ਕਿਉਂਕਿ ਵਿਚਲੇ ਲੋਕ ਸਹੀ ਗੱਲ ਉਪਰ ਜਾਣ ਨਹੀਂ ਦਿੰਦੇ। ਰਾਜੇ ਨੂੰ ਲੱਗਦਾ ਹੈ ਕਿ ਮੇਰੇ ਰਾਜ ਵਿੱਚ ਸਭ ਖੁਸ਼ਹਾਲ ਹਨ ਤੇ ਅਮਨ-ਚੈਨ ਹੈ।

# ਹਲਕਾ ਫੁਲਕਾ

ਟੀਚਰ, "ਪੱਪੂ, 'ਸੱਪ ਦੀ ਪੂਛ ਉੱਤੇ ਪੈਰ ਰੱਖਣਾ' ਵਾਲੇ ਮੁਹਾਵਰੇ ਦਾ ਅਰਥ ਦੱਸ।"
ਪੱਪੂ, "ਘਰ ਵਾਲੀ ਨੂੰ ਪੇਕੇ ਜਾਣ ਤੋਂ ਰੋਕਣਾ।"

*********

ਸੱਸ ਗੁੱਸੇ ਵਿੱਚ ਨੂੰਹ ਨੂੰ ਬੋਲੀ, "ਮੈਂ ਕਿੰਨੀ ਵਾਰ ਕਿਹਾ ਹੈ ਧੀਏ ਕਿ ਬਿੰਦੀ ਲਾ ਕੇ ਬਾਹਰ ਜਾਇਆ ਕਰ।"
ਨੂੰਹ, "...ਪਰ ਮੰਮੀ ਜੀ, ਜੀਨਸ-ਟਾਪ 'ਤੇ ਬਿੰਦੀ ਕੌਣ ਲਾਉਂਦਾ ਹੈ?"
ਸੱਸ ਵੀ ਬੜੀ ਤੇਜ਼ ਸੀ। ਉਹ ਤੁਰੰਤ ਨਹਿਲੇ 'ਤੇ ਦਹਿਲਾ ਮਾਰ ਕੇ ਬੋਲੀ, "ਮੈਂ ਕਦੋਂ ਕਿਹਾ ਕਿ ਜੀਨਸ ਉਤੇ ਲਾ, ਮੱਥੇ 'ਤੇ ਲਾ ਲੈ ਧੀਏ।"

*********

ਇੱਕ ਸੱਸ ਨੇ ਨਵੀਂ-ਨਵੇਲੀ ਨੂੰਹ ਨੂੰ ਪੁੱਛਿਆ, "ਧੀਏ, ਮੰਨ ਲੈ ਜੇ ਤੂੰ ਪਲੰਘ 'ਤੇ ਬੈਠੀ ਹੋਵੇਂ ਅਤੇ ਮੈਂ ਵੀ ਉਸ 'ਤੇ ਆ ਕੇ ਬੈਠ ਜਾਵਾਂ ਤਾਂ ਤੂੰ ਕੀ ਕਰੇਂਗੀ?"
ਨੂੰਹ, "...ਤਾਂ ਮੈਂ ਉਠ ਕੇ ਸੋਫੇ 'ਤੇ ਬੈਠ ਜਾਵਾਂਗੀ।"
ਸੱਸ, "ਜੇ ਮੈਂ ਵੀ ਆ ਕੇ ਸੋਫੇ ਉੱਤੇ ਬੈਠ ਜਾਵਾਂ ਤਾਂ ਕੀ ਕਰੇਂਗੀ?"
ਨੂੰਹ, "...ਤਾਂ ਮੈਂ ਫਰਸ਼ 'ਤੇ ਚਟਾਈ ਵਿਛਾ ਕੇ ਬੈਠ ਜਾਵਾਂਗੀ।"
ਸੱਸ, "ਜੇ ਮੈਂ ਵੀ ਚਟਾਈ ਉੱਤੇ ਆ ਕੇ ਬੈਠ ਜਾਵਾਂ ਤਾਂ ਫਿਰ ਕੀ ਕਰੇਂਗੀ?"
ਨੂੰਹ, "...ਤਾਂ ਮੈਂ ਜ਼ਮੀਨ 'ਤੇ ਬੈਠ ਜਾਵਾਂਗੀ।"
ਸੱਸ (ਮਜ਼ਾ ਲੈਂਦੀ ਹੋਈ ਅੱਗੇ ਬੋਲੀ), "...ਅਤੇ ਮੈਂ ਜ਼ਮੀਨ 'ਤੇ ਵੀ ਤੇਰੇ ਨਾਲ ਬੈਠ ਗਈ ਤਾਂ ਕੀ ਕਰੇਂਗੀ?"
ਨੂੰਹ (ਖਿੜ ਕੇ), "...ਤਾਂ ਮੈਂ ਜ਼ਮੀਨ ਵਿੱਚ ਟੋਇਆ ਪੁੱਟ ਕੇ ਉਸ ਵਿੱਚ ਬੈਠ ਜਾਵਾਂਗੀ।"
ਸੱਸ, "...ਅਤੇ ਜੇ ਮੈਂ ਟੋਏ ਵਿੱਚ ਵੀ ਆ ਕੇ ਬੈਠ ਗਈ ਤਾਂ?"

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

# ਪੰਜਾਬ ਦੀ ਭਾਜਪਾ ਡੇਢ ਸਾਲ ਬਾਅਦ ਵੀ ਵਿਧਾਇਕ ਦਲ ਦਾ ਨੇਤਾ ਨਹੀਂ ਚੁਣ ਸਕੀ

ਜਲੰਧਰ, 19 ਦਸੰਬਰ (ਪੋਸਟ ਬਿਊਰੋ)- ਪੰਜਾਬ ਦੀ ਭਾਜਪਾ ਜਦੋਂ ਮਜ਼ਬੂਤੀ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ 2019 ਲੋਕ ਸਭਾ ਚੋਣਾਂ ਲੜਨ ਦੀਆਂ ਤਿਆਰੀਆਂ ਵਿੱਚ ਰੁੱਝੇ ਹੋਣ ਦੇ ਦਾਅਵੇ ਕਰ ਰਹੀ ਹੈ, ਓਦੋਂ ਦੂਜੇ ਪਾਸੇ ਪੰਜਾਬ ਵਿੱਚ ਭਾਜਪਾ ਦੇ ਹਾਲਾਤ ਚੰਗੇ ਨਹੀਂ ਨਜ਼ਰ ਆ ਰਹੇ। ਹੈਰਾਨੀ ਦੀ ਗੱਲ ਇਹ ਹੈ ਕਿ ਪਿਛਲੇ ਡੇਢ ਸਾਲ ਤੋਂ ਭਾਜਪਾ ਇਸ ਸੂਬੇ ਵਿੱਚ ਵਿਧਾਇਕ ਦਲ ਦਾ ਨੇਤਾ ਨਹੀਂ ਚੁਣ ਸਕੀ, ਵਿਧਾਨ ਸਭਾ ਵਿੱਚ ਲੋਕ ਹਿੱਤ ਦਾ ਕੋਈ ਵੀ ਮੁੱਦਾ ਉਠਾਉਣ ਵਿੱਚ ਭਾਜਪਾ ਪੂਰੀ ਤਰ੍ਹਾਂ ਅਸਫਲ ਸਾਬਿਤ ਹੋ ਰਹੀ ਹੈ। ਵਿਧਾਇਕ ਦਲ ਦਾ ਨੇਤਾ ਨਾ ਹੋਣ ਕਾਰਨ ਵਿਧਾਇਕਾਂ ਨੂੰ ਵਿਧਾਨ ਸਭਾ ਵਿੱਚ ਬੋਲਣ ਦਾ ਸਮਾਂ ਵੀ ਘੱਟ ਮਿਲ ਰਿਹਾ ਹੈ।

ਵਰਨਣ ਯੋਗ ਹੈ ਕਿ 2012 ਤੋਂ ਸਾਲ 2017 ਤੱਕ ਅਕਾਲੀ-ਭਾਜਪਾ ਸਰਕਾਰ ਦੇ ਹੁੰਦਿਆਂ ਪਾਰਟੀ ਨੇ ਬਜ਼ੁਰਗ ਆਗੂ ਭਗਤ ਚੂਨੀ ਲਾਲ ਨੂੰ ਵਿਧਾਇਕ ਦਲ ਦਾ ਨੇਤਾ ਚੁਣ ਰੱਖਿਆ ਸੀ। ਇਸ ਕਾਰਨ ਭਗਤ ਚੂਨੀ ਲਾਲ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਦੀ ਕੁਰਸੀ ਮਿਲਦੀ ਸੀ, ਇਹ ਵੱਖਰੀ ਗੱਲ ਹੈ ਕਿ ਪੰਜ ਸਾਲ ਤੱਕ ਭਗਤ ਚੂਨੀ ਲਾਲ ਵੀ ਜਨਤਾ ਦੀ ਆਵਾਜ਼ ਨੂੰ ਵਿਧਾਨ ਸਭਾ ਵਿੱਚ ਨਹੀਂ ਉਠਾ ਸਕੇ, ਜਿਸ ਦਾ ਸਿੱਟਾ ਇਹ ਹੋਇਆ ਕਿ ਭਾਜਪਾ ਵਿਧਾਨ ਸਭਾ ਦੀ ਚੋਣ ਵਿੱਚ ਸਿਰਫ ਤਿੰਨ ਸੀਟਾਂ ਉੱਤੇ ਸਿਮਟ ਗਈ, ਪਰ ਭਾਜਪਾ ਨੇ ਇਸ ਤੋਂ ਵੀ ਸਬਕ ਨਹੀਂ ਲਿਆ।

ਇਸ ਸਮੇਂ ਇਸ ਪਾਰਟੀ ਕੋਲ ਮਾਝਾ ਖਿੱਤੇ ਤੋਂ ਪਠਾਨਕੋਟ ਦੀ ਸੁਜਾਨਪੁਰ ਸੀਟ ਤੋਂ ਦਿਨੇਸ਼ ਬੱਬੂ, ਦੋਆਬਾ ਦੀ ਫਗਵਾੜਾ ਸੀਟ ਤੋਂ ਸੋਮ ਪ੍ਰਕਾਸ਼ ਅਤੇ ਮਾਲਵੇ ਦੀ ਅਬੋਹਰ ਸੀਟ ਤੋਂ ਅਰੁਣ ਨਾਰਾਇਣ ਹੀ ਵਿਧਾਇਕ ਹਨ। ਪਿਛਲੇ ਡੇਢ ਸਾਲ ਵਿੱਚ ਛੇ ਦੇ ਕਰੀਬ ਵਿਧਾਨ ਸਭਾ ਸੈਸ਼ਨ ਹੋ ਚੁੱਕੇ ਹਨ, ਪਰ ਪਾਰਟੀ ਦੀ ਗੰਭੀਰਤਾ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਡੇਢ ਸਾਲ ਤੋਂ ਪਾਰਟੀ ਵਿਧਾਇਕ ਦਲ ਦਾ ਨੇਤਾ ਹੀ ਨਹੀਂ ਹੈ। ਇਸ ਪਾਸੇ ਵਿਧਾਨ ਸਭਾ ਵਿੱਚ ਸੱਤਾਧਾਰੀ ਕਾਂਗਰਸ ਨੂੰ ਘੇਰਨ ਲਈ ਆਮ ਆਦਮੀ ਪਾਰਟੀ, ਅਕਾਲੀ ਦਲ ਅਤੇ ਲੋਕ ਇਨਸਾਫ ਪਾਰਟੀ ਦੇ ਨੇਤਾ ਹੀ ਦਿਖਾਈ ਦਿੰਦੇ ਹਨ, ਪਰ ਭਾਜਪਾ ਦੇ ਨੇਤਾ ਚੁੱਪ ਧਾਰ ਕੇ ਸਮਾਂ ਗੁਜ਼ਾਰਦੇ ਹਨ। ਜ਼ਿਲ੍ਹਾ ਪੱਧਰ 'ਤੇ ਵੀ ਕਈ ਭਾਜਪਾ ਇਕਾਈਆਂ ਦਾ ਗਠਨ ਹੋ ਚੁੱਕਾ ਹੈ, ਪਰ ਭਾਜਪਾ ਦੇ ਵਰਕਰਾਂ ਵਿੱਚ ਪਹਿਲਾਂ ਵਰਗਾ ਜੋਸ਼ ਨਜ਼ਰ ਨਹੀਂ ਆ ਰਿਹਾ। ਸਾਰਿਆਂ ਜ਼ਿਲ੍ਹਿਆਂ ਵਿੱਚ ਫਾਰਟੀ ਦੇ ਅੰਦਰ ਧੜੇਬਾਜ਼ੀ ਇੰਨੀ ਹਾਵੀ ਹੈ ਕਿ ਪਾਰਟੀ ਕਈ ਗੁੱਟਾਂ ਵਿੱਚ ਵੰਡੀ ਗਈ ਹੈ।

# ਧਮਕੀ ਵਾਲੀ ਰਿਕਾਰਡਿੰਗ ਦਾ ਸੈਂਪਲ ਰਾਧੇ ਮਾਂ ਦੀ ਆਵਾਜ਼ ਨਾਲ ਮੈਚ ਕਰ ਗਿਆ

ਚੰਡੀਗੜ੍ਹ, 19 ਦਸੰਬਰ (ਪੋਸਟ ਬਿਊਰੋ)- ਇੰਜ ਲੱਗਦਾ ਹੈ ਕਿ ਸੁਖਵਿੰਦਰ ਕੌਰ ਉਰਫ ਰਾਧੇ ਮਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਫੋਰੈਂਸਿਕ ਜਾਂਚ ਵਿੱਚ ਰਾਧੇ ਮਾਂ ਉੱਤੇ ਧਮਕਾਉਣ ਦੇ ਦੋਸ਼ਾਂ ਵਾਲੀ ਰਿਕਾਰਡਿੰਗ ਦਾ ਵਾਇਸ ਸੈਂਪਲ ਉਨ੍ਹਾਂ ਦੀ ਆਵਾਜ਼ ਨਾਲ ਮੈਚ ਕਰ ਗਿਆ ਹੈ। ਕੱਲ੍ਹ ਇਹ ਜਾਣਕਾਰੀ ਕਪੂਰਥਲਾ ਦੇ ਐੱਸ ਐੱਸ ਪੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿੱਤੀ ਹੈ ਅਤੇ ਅਗਲੀ ਕਾਰਵਾਈ ਹੋਣ ਵਾਲੀ ਹੈ।

ਐੱਸ ਐੱਸ ਪੀ ਨੇ ਕੋਰਟ ਨੂੰ ਦੱਸਿਆ ਕਿ ਰਾਧੇ ਮਾਂ ਦੇ ਖਿਲਾਫ ਅਪਰਾਧਕ ਸ਼ਿਕਾਇਤ ਦੇ ਮਾਮਲੇ ਦੀ ਜਾਂਚ ਬਾਰੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ ਆਈ ਟੀ) ਬਣਾਈ ਗਈ ਹੈ ਜਿਸ ਵਿੱਚ ਇੱਕ ਆਈ ਪੀ ਐੱਸ ਅਤੇ ਇੱਕ ਪੀ ਪੀ ਐੱਸ ਅਫਸਰ ਹੈ। ਉਨ੍ਹਾਂ ਕਿਹਾ ਕਿ ਇੱਕ ਮਹੀਨੇ ਵਿੱਚ ਜਾਂਚ ਪੂਰੀ ਹੋ ਜਾਏਗੀ। ਇਸ 'ਤੇ ਹਾਈ



ਕੋਰਟ ਨੇ ਪੁਲਸ ਨੂੰ ਕਿਹਾ ਕਿ ਜਾਂਚ ਪੂਰੀ ਕਰ ਕੇ ਦੋ ਮਹੀਨਿਆਂ ਅੰਦਰ ਰਿਪੋਰਟ ਕੋਰਟ ਵਿੱਚ ਪੇਸ਼ ਕਰੋ।

ਇਸ ਤੋਂ ਪਹਿਲਾਂ ਪੁਲਸ ਨੇ ਜਵਾਬ ਦਾਇਰ ਕਰ ਕੇ ਕਿਹਾ ਸੀ ਕਿ ਪਟੀਸ਼ਨਰ ਵੱਲੋਂ ਦਿੱਤੀ ਗੱਲਬਾਤ ਦੀ ਆਡੀਓ ਸੀ ਡੀ ਅਤੇ ਟਾਈਪਿੰਗ ਮੋਡ ਵਿੱਚ ਗੱਲਬਾਤ ਫੋਰੈਂਸਿਗ ਜਾਂਚ ਲਈ ਭੇਜੀ ਗਈ ਹੈ। ਫਗਵਾੜਾ ਦੇ ਰਹਿਣ ਵਾਲੇ ਸੁਰਿੰਦਰ ਮਿੱਤਲ ਨੇ ਪਟੀਸ਼ਨ ਦਾਇਰ ਕਰ ਕੇ ਕਿਹਾ ਕਿ ਰਾਧੇ ਮਾਂ ਤੋਂ ਉਨ੍ਹਾਂ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ ਕਿ ਉਹ ਉਨ੍ਹਾਂ ਦੇ ਖਿਲਾਫ ਨਾ ਬੋਲੇ। ਸੁਰਿੰਦਰ ਦਾ ਕਹਿਣਾ ਹੈ ਕਿ ਉਸ ਨੇ ਇਸ ਕੇਸ ਵਿੱਚ ਪੁਲਸ ਨੂੰ ਸ਼ਿਕਾਇਤ ਕੀਤੀ ਕਿ ਰਾਧੇ ਮਾਂ ਜਗਰ-'ਤੇ ਵਿੱਚ ਖੁਦ ਨੂੰ ਮਾਂ ਦੁਰਗਾ ਦਾ ਅਵਤਾਰ ਕਹਿ ਕੇ ਤ੍ਰਿਸ਼ੂਲ ਧਾਰਨ ਕਰ ਕੇ ਬੈਠਦੀ ਹੈ। ਇਸ ਕਾਰਨ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜ ਰਹੀ ਹੈ। ਪਟੀਸ਼ਨ ਦੇ ਮੁਤਾਬਕ ਉਨ੍ਹਾਂ ਨਾਲ ਕਈ ਲੋਕਾਂ ਨੇ ਰਾਧੇ ਮਾਂ ਦਾ ਵਿਰੋਧ ਕੀਤਾ ਅਤੇ ਜਗਰਾਤਾ ਨਹੀਂ ਹੋਣ ਦਿੱਤਾ ਸੀ। ਇਸ ਦੇ ਬਾਅਦ ਉਨ੍ਹਾਂ ਨੂੰ ਰਾਧੇ ਮਾਂ ਵੱਲੋਂ ਪਹਿਲਾਂ ਫੋਨ ਕਰ ਕੇ ਰੁਪਿਆਂ ਦਾ ਆਫਰ ਦਿੱਤਾ ਗਿਆ ਸੀ, ਪਰ ਸਵੀਕਾਰ ਨਾ ਕਰਨ 'ਤੇ ਧਮਕੀਆਂ ਮਿਲਣ ਲੱਗੀਆਂ ਕਿ ਉਹ ਇਸ ਵਿੱਚ ਦਖਲ ਨਾ ਦੇਣ। ਧਾਰਮਿਕ ਭਾਵਨਾਵਾਂ ਭੜਕਾਉਣ, ਰੁਪਏ ਆਫਰ ਕਰਨ ਤੇ ਧਮਕੀਆਂ ਬਾਰੇ ਉਨ੍ਹਾਂ ਨੇ ਪੁਲਸ ਨੂੰ ਸ਼ਿਕਾਇਤ ਕੀਤੀ। ਪੁਲਸ ਨੇ ਸਿਆਸੀ ਦਬਾਅ ਹੇਠ ਕਾਰਵਾਈ ਨਹੀਂ ਕੀਤੀ। ਉਸ ਨੇ ਇਸ 'ਤੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

### ਚੱਢਾ ਖੁਦਕੁਸ਼ੀ ਕੇਸ

# ਦਵਿੰਦਰ ਸਿੰਘ ਨੂੰ ਵੀ ਵਿਦੇਸ਼ ਜਾਣ ਦੀ ਇਜਾਜ਼ਤ ਨਹੀਂ ਮਿਲੀ

ਅੰਮ੍ਰਿਤਸਰ, 19 ਦਸੰਬਰ (ਪੋਸਟ ਬਿਊਰੋ)- ਚੀਫ ਖਾਲਸਾ ਦੀਵਾਨ ਦੇ ਮੀਤ ਪ੍ਰਧਾਨ ਇੰਦਰਪ੍ਰੀਤ ਸਿੰਘ ਚੱਢਾ ਵੱਲੋਂ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰਨ ਦੇ ਕੇਸ ਵਿੱਚ ਨਾਮਜ਼ਦ ਕਾਰੋਬਾਰੀ ਦਵਿੰਦਰ ਸਿੰਘ ਸੰਧੂ ਵੱਲੋਂ ਵਿਦੇਸ਼ ਜਾਣ ਦੇ ਲਈ ਪਾਸਪੋਰਟ ਲੈਣ ਦੀ ਅਰਜ਼ੀ ਐਡੀਸ਼ਨਲ ਜ਼ਿਲਾ ਸੈਸ਼ਨ ਜੱਜ ਅਵਤਾਰ ਸਿੰਘ ਦੀ ਅਦਾਲਤ ਵੱਲੋਂ ਰੱਦ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਇੰਦਰਪ੍ਰੀਤ ਸਿੰਘ ਆਨੰਦ ਦੀ ਵਿਦੇਸ਼ ਜਾਣ ਦੀ ਅਰਜ਼ੀ ਵੀ ਅਦਾਲਤ ਨੇ ਰੱਦ ਕਰ ਦਿੱਤੀ ਸੀ।

ਇਸ ਕੇਸ ਵਿੱਚ ਮ੍ਰਿਤਕ ਵੱਲੋਂ ਲਿਖੇ ਖੁਦਕੁਸ਼ੀ ਨੋਟ ਦੀ ਜਾਂਚ ਪਿੱਛੋਂ ਇਸ ਸਬੰਧਤ ਔਰਤ ਪ੍ਰਿੰਸੀਪਲ ਤੇ ਉਸ ਦੇ ਪਤੀ ਤੋਂ ਇਲਾਵਾ ਮ੍ਰਿਤਕ ਦੇ ਸਕੇ ਭਰਾ ਹਰਜੀਤ ਸਿੰਘ ਚੱਢਾ, ਇੰਡੋ ਕੈਨੇਡੀਅਨ ਔਰਤ ਕੇ. ਘੁੰਮਣ, ਇੰਦਰਪ੍ਰੀਤ ਸਿੰਘ ਆਨੰਦ, ਦਵਿੰਦਰ ਸਿੰਘ, ਵਿਜੈ ਉਮਟ, ਸੁਰਜੀਤ ਸਿੰਘ, ਗੁਰਸੇਵਕ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਹ ਸਾਰੇ ਇਸ ਵਕਤ ਜ਼ਮਾਨਤ 'ਤੇ ਹਨ ਅਤੇ ਇਨ੍ਹਾਂ ਦੇ ਖਿਲਾਫ ਅਦਾਲਤ ਵੱਲੋਂ ਦੋਸ਼ ਲਾਗੂ ਹੋ ਚੁੱਕੇ ਹਨ। ਆਪਣੇ ਵਕੀਲਾਂ ਰਾਹੀਂ ਲਾਈ ਅਰਜ਼ੀ 'ਚ ਦਵਿੰਦਰ ਸੰਧੂ ਨੇ ਦੱਸਿਆ ਕਿ ਉਸ ਦੇ ਪੁੱਤਰ ਨੇ ਟੋਰਾਂਟੋ ਯੂਨੀਵਰਸਿਟੀ 'ਚ ਦਾਖਲ ਹੋਣਾ ਹੈ ਅਤੇ ਉਸ ਦੀ ਕੰਪਨੀ ਦੀ ਵਪਾਰਕ ਕਾਨਫਰੰਸ ਵੀ ਹੈ, ਜਿਸ 'ਚ ਭਾਗ ਲੈਣ ਲਈ ਉਸ ਨੇ ਵਿਦੇਸ਼ ਜਾਣਾ ਹੈ, ਉਸ ਦਾ ਪਾਸਪੋਰਟ ਰਿਲੀਜ਼ ਕੀਤਾ ਜਾਵੇ। ਦੂਜੇ ਪਾਸੇ ਇਨ੍ਹਾਂ ਦਲੀਲਾਂ ਦਾ ਮੁਦੱਈ ਧਿਰ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ।

### ਬੇਅਦਬੀ ਮਾਮਲਾ:

# ਸੀ ਬੀ ਆਈ ਸਮੇਂ ਸਿਰ ਜਾਂਚ ਕਰਦੀ ਤਾਂ ਜਾਂਚ ਕਮਿਸ਼ਨ ਦੀ ਲੋੜ ਹੀ ਨਾ ਪੈਂਦੀ

ਚੰਡੀਗੜ੍ਹ, 19 ਦਸੰਬਰ (ਪੋਸਟ ਬਿਊਰੋ)- ਬਰਗਾੜੀ ਨੇੜਲੇ ਇਲਾਕੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਫਰੀਦਕੋਟ ਦੇ ਬਾਜਾਖਾਨਾ ਅਤੇ ਕੋਟਕਪੂਰਾ ਥਾਣਿਆਂ ਵਿੱਚ ਦਰਜ ਦੋ ਕੇਸਾਂ ਦੀ ਜਾਂਚ ਸੀ ਬੀ ਆਈ ਤੋਂ ਵਾਪਸ ਲਏ ਜਾਣ ਦੇ ਸੰਬੰਧ ਵਿੱਚ ਹਾਈ ਕੋਰਟ ਨੇ ਸੀ ਬੀ ਆਈ ਨੂੰ ਕਿਹਾ ਕਿ ਜੇ ਇਸ ਕੇਸ ਦੀ ਸੀ ਬੀ ਆਈ ਜਾਂਚ ਸਮੇਂ ਸਿਰ ਪੂਰੀ ਹੋ ਜਾਂਦੀ ਤਾਂ ਜਾਂਚ ਕਮਿਸ਼ਨ ਬਣਾਉਣ ਦੀ ਜ਼ਰੂਰਤ ਹੀ ਨਹੀਂ ਪੈਣੀ ਸੀ।

ਇਸ ਸੰਬੰਧ ਵਿੱਚ ਸੀ ਬੀ ਆਈ ਵੱਲੋਂ ਪੇਸ਼ ਹੋਏ ਐਡਵੋਕੇਟ ਸੁਮਿਤ ਗੋਇਲ ਨੇ ਹਾਈ ਕੋਰਟ ਦੇ ਹੁਕਮ ਉੱਤੇ ਕੱਲ੍ਹ ਇਨ੍ਹਾਂ ਕੇਸਾਂ ਵਿੱਚ ਅੱਜ ਤੱਕ ਕੀਤੀ ਗਈ ਜਾਂਚ ਦੀ ਕੇਸ ਡਾਇਰੀ ਕੋਰਟ ਨੂੰ ਸੌਂਪਦੇ ਹੋਏ ਕਿਹਾ ਕਿ ਇਨ੍ਹਾਂ ਕੇਸਾਂ ਦੀ ਜਾਂਚ ਅਜੇ ਜਾਰੀ ਹੈ। ਸੀ ਬੀ ਆਈ ਨੇ ਹਾਈ ਕੋਰਟ ਨੂੰ ਦੱਸਿਆ ਕਿ ਪੰਜਾਬ ਸਰਕਾਰ ਨੇ ਇਨ੍ਹਾਂ ਕੇਸਾਂ ਦੀ ਸੀ ਬੀ ਆਈ ਜਾਂਚ ਦਾ ਜੋ ਨੋਟੀਫਿਕੇਸ਼ਨ ਵਾਪਸ ਲਿਆ ਹੈ, ਉਸ ਦੇ ਬਾਰੇ ਡਿਪਾਰਟਮੈਂਟ ਆਫ ਪਰਸੋਨਲ ਅਤੇ ਟਰੇਨਿੰਗ (ਡੀ ਓ ਪੀ ਟੀ) ਤੋਂ ਉਨ੍ਹਾਂ ਨੂੰ ਸੂਚਨਾ ਮਿਲੀ ਹੈ, ਪਰ ਇਸ ਉੱਤੇ ਅਜੇ ਤੱਕ ਸੀ ਬੀ ਆਈ ਵੱਲੋਂ ਪ੍ਰਤੀਕਿਰਿਆ ਨਹੀਂ ਆਈ। ਕੋਰਟ ਨੂੰ ਦੱਸਿਆ ਗਿਆ ਕਿ ਜਿਨ੍ਹਾਂ ਤਿੰਨ ਕੇਸਾਂ ਦੀ ਜਾਂਚ ਸਾਲ 2015 ਵਿੱਚ ਸੀ ਬੀ ਆਈ ਨੂੰ ਸੌਂਪੀ ਗਈ ਸੀ, ਉਨ੍ਹਾਂ ਦੀ ਜਾਂਚ ਅਜੇ ਤੱਕ ਪੈਂਡਿੰਗ ਹੈ। ਇਸ ਕੇਸ ਦੇ ਦੋਸ਼ੀ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਦੇ ਨਾਲ ਤੈਨਾਤ ਸ਼ਮਸ਼ੇਰ ਸਿੰਘ




ਨੇ ਵੀ ਇਨ੍ਹਾਂ ਕੇਸਾਂ ਦੀ ਜਾਂਚ ਸੀ ਬੀ ਆਈ ਤੋਂ ਵਾਪਸ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਕੋਲੋਂ ਜਾਂਚ ਕਰਵਾਏ ਜਾਣ ਦਾ ਵਿਰੋਧ ਕੀਤਾ ਹੈ। ਇਸ ਮਾਮਲੇ ਵਿੱਚ ਐਡਵੋਕੇਟ ਸੰਤ ਪਾਲ ਸਿੱਧੂ ਨੇ ਕਿਹਾ ਕਿ ਇਨ੍ਹਾਂ ਕੇਸਾਂ ਦੀ ਜਾਂਚ ਇਹ ਕਹਿ ਕੇ ਵਾਪਸ ਲਈ ਗਈ ਹੈ ਕਿ ਸੀ ਬੀ ਆਈ ਕੇਂਦਰ ਸਰਕਾਰ ਦੇ ਅਧੀਨ ਹੈ, ਇਸ ਲਈ ਜਾਂਚ ਨਿਰਪੱਖ ਨਹੀਂ ਹੋ ਸਕਦੀ, ਪਰ ਜਿਸ ਐੱਸ ਆਈ ਟੀ ਵੱਲੋਂ ਜਾਂਚ ਕੀਤੀ ਜਾ ਰਹੀ ਹੈ, ਉਹ ਵੀ ਰਾਜ ਸਰਕਾਰ ਦੇ ਅਧੀਨ ਹੈ ਤੇ ਉਸ ਦੀ ਕਿਵੇਂ ਨਿਰਪੱਖ ਹੋ ਸਕਦੀ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਜਾਂਚ ਸੀ ਬੀ ਆਈ ਕਰੇ ਅਤੇ ਕੋਰਟ ਇਹ ਤੈਅ ਕਰੇ ਕਿ ਜਾਂਚ ਵਿੱਚ ਖਾਮੀ ਨਾ ਹੋਵੇ। ਹਾਈ ਕੋਰਟ ਨੇ ਸਿੱਧੂ ਦਾ ਪੱਖ ਸੁਣਨ ਪਿੱਛੋਂ ਸੁਣਵਾਈ ਜਨਵਰੀ ਲਈ ਮੁਲਤਵੀ ਕਰ ਦਿੱਤੀ ਹੈ।

ਇਸ ਮੌਕੇ ਸਿੱਧੂ ਨੇ ਦੋਸ਼ ਲਾਇਆ ਹੈ ਕਿ ਜਿਸ ਐੱਸ ਆਈ ਟੀ ਦਾ ਗਠਨ ਕੀਤਾ ਗਿਆ ਹੈ, ਉਹ ਜਾਂਚ ਨਹੀਂ ਕਰ ਰਹੀ, ਇੱਕ ਤਰ੍ਹਾਂ ਨਾਲ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਚੱਲ ਰਹੀ ਹੈ। ਉਨ੍ਹਾ ਕਿਹਾ ਕਿ ਜਦ ਪਹਿਲਾਂ ਕੇਸ ਦੀ ਸੀ ਬੀ ਆਈ ਜਾਂਚ ਸੌਂਪੀ ਜਾ ਚੁੱਕੀ ਸੀ ਤਾਂ ਫਿਰ ਦੋ ਅਲੱਗ-ਅਲੱਗ ਕਮਿਸ਼ਨਾਂ ਦੀ ਕੀ ਲੋੜ ਸੀ।

# ਆਦਮਪੁਰ ਨਹਿਰ ਵਾਲਾ ਪਾਣੀ ਲਿਆਉਣ ਬਾਰੇ ਰਿਪੋਰਟ ਚੰਡੀਗੜ੍ਹ ਪਹੁੰਚੀ

ਜਲੰਧਰ, 19 ਦਸੰਬਰ (ਪੋਸਟ ਬਿਊਰੋ)- ਕਰੀਬ ਡੇਢ ਸਾਲ ਪਹਿਲਾਂ ਬਿਆਸ ਦਰਿਆ ਦਾ ਪਾਣੀ ਜਲੰਧਰ ਲਿਆ ਕੇ ਉਸ ਨੂੰ ਪੀਣ ਯੋਗ ਬਣਾਉਣ ਵਾਲੇ ਸਰਫੇਸ ਵਾਟਰ ਪ੍ਰੋਜੈਕਟ ਦੇ ਲਟਕਣ ਦੇ ਚਾਂਸ ਬਣ ਗਏ ਅਤੇ ਇਸ ਦੀ ਥਾਂ ਆਦਮਪੁਰ ਦੀ ਨਹਿਰ ਵਿੱਚੋਂ ਪਾਣੀ ਜਲੰਧਰ ਲਿਆ ਕੇ ਉਸ ਨੂੰ ਪੀਣ ਯੋਗ ਬਣਾਉਣ ਦੀ ਯੋਜਨਾ 'ਤੇ ਕੰਮ ਸ਼ੁਰੂ ਹੋ ਗਿਆ ਹੈ।

ਪਿਛਲੇ ਸਾਲ ਦੌਰਾਨ ਏਸ਼ੀਅਨ ਡਿਵੈਲਪਮੈਂਟ ਬੈਂਕ, ਜੋ ਇਸ ਪ੍ਰੋਜੈਕਟ ਦੀ ਫੰਡਿੰਗ ਕਰ ਰਿਹਾ ਹੈ, ਦੀ ਕੰਸਲਟੈਂਸੀ ਟੀਮ ਸਰਵੇ ਕਾਰਜਾਂ ਵਿੱਚ ਲੱਗੀ ਹੋਈ ਸੀ, ਪਰ ਹਾਲੇ ਤੱਕ ਕੀਤਾ ਗਿਆ ਸਾਰਾ ਸਰਵੇ ਇਸ ਲਈ ਬੇਕਾਰ ਸਾਬਿਤ ਹੁੰਦਾ ਦਿੱਸ ਰਿਹਾ ਹੈ ਕਿ ਪ੍ਰੋਜੈਕਟ ਦਾ ਸਾਰਾ ਫੋਕਸ ਇਸ ਵੇਲੇ ਆਦਮਪੁਰ ਨਹਿਰ ਪੁਆਇੰਟ 'ਤੇ ਕੇਂਦਰਿਤ ਹੋ ਗਿਆ ਹੈ। ਸਰਵੇ ਟੀਮ ਦਾ ਮੰਨਣਾ ਹੈ ਕਿ ਆਦਮਪੁਰ ਤੋਂ ਪਾਣੀ ਲਿਆਉਣ ਦੀ ਹਾਲਤ ਵਿੱਚ ਪ੍ਰੋਜੈਕਟ ਕਾਸਟ ਅੱਧੀ ਰਹਿ ਜਾਵੇਗੀ। ਪਿਛਲੇ ਦਿਨੀਂ ਸਰਵੇ ਟੀਮ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਆਦਮਪੁਰ ਇਲਾਕੇ ਦਾ ਦੌਰਾ ਕੀਤਾ ਸੀ, ਜਿੱਥੇ ਰੋਪੜ ਨਹਿਰ ਦਾ ਪਾਣੀ ਮਿਲਦਾ ਹੈ। ਇਸ ਦੌਰੇ ਦੀ ਰਿਪੋਰਟ ਪੀ ਐਮ ਆਈ ਡੀ ਸੀ ਨੂੰ ਭੇਜ ਦਿੱਤੀ ਗਈ ਹੈ ਤੇ ਚੰਡੀਗੜ੍ਹ ਤੋਂ ਕਲੀਅਰੈਂਸ ਆਉਂਦਿਆਂ ਹੀ ਇਸ ਪ੍ਰੋਜੈਕਟ 'ਤੇ ਅੱਗੇ ਕੰਮ ਸ਼ੁਰੂ ਹੋ ਜਾਵੇਗਾ।

# ਕੀ ਜੇਲ੍ਹ ਗਏ ਬਿਨਾਂ ਸੱਜਣ ਕੁਮਾਰ ਨੂੰ ਜ਼ਮਾਨਤ ਮਿਲ ਸਕਦੀ ਹੈ?

ਜਲੰਧਰ, 19 ਦਸੰਬਰ (ਪੋਸਟ ਬਿਊਰੋ)- ਦਿੱਲੀ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਦਿੱਲੀ ਹਾਈ ਕੋਰਟ ਨੇ ਕੁਦਰਤੀ ਮੌਤ ਤੱਕ ਕੈਦ ਦੀ ਸਜ਼ਾ ਸੁਣਾਈ ਹੈ, ਪਰ ਹੇਠਲੀ ਅਦਾਲਤ ਤੋਂ ਬਰੀ ਕੀਤੇ ਜਾਣ ਪਿੱਛੋਂ ਹਾਈ ਕੋਰਟ ਵਿੱਚ ਅਪੀਲ 'ਤੇ ਸੁਣਵਾਈ ਦੌਰਾਨ ਸੱਜਣ ਕੁਮਾਰ ਨੂੰ ਸਜ਼ਾ ਸੁਣਾਏ ਜਾਣ ਵੇਲੇ ਉਹ ਅਦਾਲਤ ਵਿੱਚ ਹਾਜ਼ਰ ਨਹੀਂ ਸਨ।

ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਆਮ ਕਰਕੇ ਦੋਸ਼ੀ ਹਰ ਪੇਸ਼ੀ ਮੌਕੇ ਅਦਾਲਤ 'ਚ ਪੇਸ਼ ਹੁੰਦੇ ਹਨ, ਪਰ ਅਪੀਲਾਂ ਦੀਆਂ ਤਰੀਕਾਂ 'ਚ ਦੋਸ਼ੀ ਘੱਟ ਹੀ ਪੇਸ਼ ਹੁੰਦੇ ਹਨ। ਇਸ ਕਰਕੇ ਜਦ ਸਜ਼ਾ ਸੁਣਾਈ ਜਾਂਦੀ ਹੈ ਤਾਂ ਉਨ੍ਹਾਂ ਨੂੰ ਅਪੀਲ ਲਈ ਕੁਝ ਦਿਨ ਦੀ ਮੋਹਲਤ ਦਿੱਤੀ ਜਾਂਦੀ ਹੈ। ਸੱਜਣ ਕੁਮਾਰ ਨੂੰ ਵੀ 31 ਦਸੰਬਰ ਤੱਕ ਅਪੀਲ ਕਰਨ ਦੀ ਮੋਹਲਤ ਦਿੱਤੀ ਗਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਉਘੇ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਦੱਸਿਆ ਕਿ ਆਮ ਤੌਰ 'ਤੇ ਜ਼ਮਾਨਤ ਦੀ ਅਰਜ਼ੀ ਸੁਪਰੀਮ ਕੋਰਟ ਵਿੱਚ ਦਾਇਰ ਕਰਨ ਲਈ ਪਹਿਲਾਂ ਸਰੰਡਰ ਕਰਨਾ ਅਤੇ ਜੇਲ੍ਹ 'ਚ ਹੋਣ ਦਾ ਸਰਟੀਫਿਕੇਟ ਲਾਉਣਾ ਪੈਂਦਾ ਹੈ। ਇਸ ਦੇ ਬਾਅਦ ਜ਼ਮਾਨਤ ਦੀ ਅਰਜ਼ੀ ਦਿੱਤੀ ਜਾ ਸਕਦੀ ਹੈ, ਪਰ ਅਹਿਮ ਕੇਸ ਵਿੱਚ ਕੁਝ ਲੋਕ ਹਾਈ ਕੋਰਟ ਦੇ ਫੈਸਲੇ ਵਿਰੁੱਧ ਅਪੀਲ ਦੇ ਨਾਲ ਹੀ ਜ਼ਮਾਨਤ ਅਰਜ਼ੀ ਦੇਣ ਦੀ ਪ੍ਰਵਾਨਗੀ ਲਈ ਅਪੀਲ ਕਰ ਦਿੰਦੇ ਹਨ। ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਆਮ ਕੇਸਾਂ ਵਿੱਚ ਅਦਾਲਤ ਅਜਿਹੀ ਰਾਹਤ ਨਹੀਂ ਦਿੰਦੀ ਅਤੇ ਦੋਸ਼ੀ ਨੂੰ ਸਜ਼ਾ ਹੋਣ ਪਿੱਛੋਂ ਜੇਲ੍ਹ ਜਾਣਾ ਪੈਂਦਾ ਹੈ।ਇਸ ਨੁਕਤੇ ਨੂੰ ਆਧਾਰ ਬਣਾ ਕੇ ਸੱਜਣ ਕੁਮਾਰ ਦੀ ਅਪੀਲ ਮਨਜ਼ੂਰ ਕਰਦਿਆਂ ਬਿਨਾਂ ਜੇਲ੍ਹ ਗਏ ਜ਼ਮਾਨਤ ਦੀ ਅਰਜ਼ੀ ਦੇਣ ਦੀ ਪ੍ਰਵਾਨਗੀ ਵੀ ਮਿਲ ਸਕਦੀ ਹੈ।

# ਵੱਢੀ ਲੈਂਦਾ ਹੋਇਆ ਪਟਵਾਰੀ ਰੰਗੇ ਹੱਥੀਂ ਫੜਿਆ ਗਿਆ

ਜਲੰਧਰ, 19 ਦਸੰਬਰ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਜਲੰਧਰ ਦੀ ਟੀਮ ਨੇ ਹਲਕਾ ਗੋਬਿੰਦਪੁਰ ਤਹਿਸੀਲ ਬੰਗਾ ਦੇ ਪਟਵਾਰੀ ਨੂੰ ਇਕ ਵਿਅਕਤੀ ਤੋਂ 10 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜਿਆ ਹੈ।

ਐਸ ਐਸ ਪੀ ਵਿਜੀਲੈਂਸ ਦਿਲਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਤਜਿੰਦਰ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਗੋਬਿੰਦਪੁਰ ਤਹਿਸੀਲ ਬੰਗਾ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਦੇ ਪਿਤਾ ਪ੍ਰਕਾਸ਼ ਸਿੰਘ ਦੀ 11 ਜਨਵਰੀ 2014 ਨੂੰ ਮੌਤ ਤੋਂ ਪਹਿਲਾਂ ਉਸ ਦੇ ਪਿਤਾ ਨੇ ਅੱਠ ਦਸੰਬਰ 2013 ਨੂੰ ਇੱਕ ਵਸੀਅਤ ਕਰਕੇ ਉਸ ਨੂੰ ਵਾਰਿਸ ਬਣਾਇਆ ਸੀ। ਇਸ ਦੇ ਆਧਾਰ 'ਤੇ ਜਾਇਦਾਦ ਦਾ ਇੰਤਕਾਲ ਆਪਣੇ ਨਾਲ ਕਰਾਉਣ ਲਈ ਹਲਕੇ ਦੇ ਪਟਵਾਰੀ ਅਮਰਦੀਪ ਸਿੰਘ ਨੂੰ ਮਿਲਿਆ ਤਾਂ ਉਸ ਨੇ ਇਹ ਕਹਿ ਕੇ ਇੰਤਕਾਲ ਤੋਂ ਮਨ੍ਹਾ ਕਰ ਦਿੱਤਾ ਕਿ ਤੇਰੀਆਂ ਤਿੰਨ ਭੈਣਾਂ ਹੋਰ ਹਨ, ਇਸ ਲਈ ਤੇਰੇ ਇਕੱਲੇ ਦੇ ਨਾਂ ਇੰਤਕਾਲ ਨਹੀਂ ਹੋ ਸਕਦਾ। ਪਟਵਾਰੀ ਨੇ ਉਸ ਕੋਲੋਂ ਵੀਹ ਹਜ਼ਾਰ ਰੁਪਏ ਰਿਸ਼ਵਤ ਮੰਗੀ। ਇਸ ਦੀ ਸ਼ਿਕਾਇਤ ਪਿੱਛੋਂ ਡੀ ਐਸ ਪੀ ਵਿਜੀਲੈਂਸ ਬਿਊਰੋ ਜਲੰਧਰ ਤੋਂ ਇੱਕ ਟੀਮ ਨੇ ਉਕਤ ਦਫਤਰ 'ਚ ਟ੍ਰੈਪ ਲਾਇਆ। ਜਦ ਤਜਿੰਦਰ ਸਿੰਘ ਨੇ ਪਟਵਾਰੀ ਅਮਰਦੀਪ ਸਿੰਘ ਨੂੰ 10 ਹਜ਼ਾਰ ਰੁਪਏ ਫੜਾਏ ਤਾਂ ਟੀਮ ਨੇ ਪਟਵਾਰੀ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ ਤੇ ਉਸ ਕੋਲੋਂ ਰੰਗ ਲੱਗੇ ਨੋਟ ਬਰਾਮਦ ਕਰ ਲਏ।

ਸੰਤ ਬਾਬਾ ਉਜਾਗਰ ਸਿੰਘ ਜੀ ਦਾਉਧਰ ਵਾਲਿਆਂ ਦੀ ਸਲਾਨਾ ਬਰਸੀ ਡਿਕਸੀ ਗੁਰੂ ਘਰ ਵਿਖੇ ਮਨਾਈ ਜਾ ਰਹੀ ਹੈ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਦਾਉਦਰ ਜਿਲ੍ਹਾ ਮੋਗਾ ਦੀ ਸੰਗਤ ਵਲੋਂ ਸੰਤ ਬਾਬਾ ਉਜਾਗਰ ਸਿੰਘ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 23 ਦਸੰਬਰ ਦਿਨ ਐਤਵਾਰ ਨੂੰ ਅਰੰਭ ਕੀਤੇ ਜਾਣਗੇ ਤੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਹਾਲ ਨੂੰ 2 ਡਿਕਸੀ ਗੁਰੂਘਰ ਵਿਖੇ ਪਾਏ ਜਾਣਗੇ। ਉਪਰੰਤ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
ਆਤਮਾ ਸਿੰਘ ਬਰਾੜ: 416-543-4177
ਸੁਖਦੇਵ ਸਿੰਘ ਸੰਘਾ: 647-919-1155

7 STAR IMMIGRATION
ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant
Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca
1625 Steeles Ave E., Unit 17A, Brampton, ON L6T 4T7
Main Intersection- Steeles & Advance Blvd.



## ਸੋਨੂੰ ਨਿਗਮ ਦਾ ਵਿਵਾਦਤ ਬਿਆਨ: ਕਾਸ਼! ਮੈਂ ਪਾਕਿ ਵਿੱਚ ਪੈਦਾ ਹੋਇਆ ਹੁੰਦਾ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਪ੍ਰਸਿੱਧ ਗਾਇਕ ਸੋਨੂੰ ਨਿਗਮ ਇਕ ਵਾਰ ਫਿਰ ਆਪਣੇ ਵਿਵਾਦਤ ਬਿਆਨ ਨਾਲ ਸੁਰਖੀਆਂ 'ਚ ਹਨ। ਇਕ ਮੁਲਾਕਾਤ ਦੌਰਾਨ ਉਨ੍ਹਾਂ ਕਿਹਾ ਕਿ ਕਾਸ਼! ਉਸ ਦਾ ਜਨਮ ਭਾਰਤ ਦੀ ਥਾਂ ਪਾਕਿਸਤਾਨ 'ਚ ਹੋਇਆ ਹੁੰਦਾ ਤਾਂ ਚੰਗਾ ਹੁੰਦਾ। ਉਨ੍ਹਾਂ ਦੇ ਇਸ ਬਿਆਨ ਦੀ ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਹੋ ਰਹੀ ਹੈ।

ਜਾਣਕਾਰ ਸੂਤਰਾਂ ਅਨੁਸਾਰ ਸੋਨੂੰ ਨਿਗਮ ਨੇ ਕਿਹਾ ਕਿ ਭਾਰਤ 'ਚ ਗਾਇਕਾਂ ਨਾਲ ਕਾਫੀ ਗਲਤ ਹੁੰਦਾ ਹੈ, ਸੰਗੀਤ ਕੰਪਨੀਆਂ ਗਾਇਕਾਂ ਤੋਂ ਪੈਸੇ ਵਸੂਲ ਕਰਦੀਆਂ ਹਨ, ਪਰ ਪਾਕਿ-ਸਤਾਨ ਵਿੱਚ ਅਜਿਹਾ ਨਹੀਂ, ਉਥੇ ਗਾਇਕਾਂ ਤੋਂ ਕਿਸੇ ਵੀ ਤਰ੍ਹਾਂ ਦੀ ਵਾਧੂ ਫੀਸ ਨਹੀਂ ਲਈ ਜਾਂਦੀ। ਉਨ੍ਹਾਂ ਕਿਹਾ ਕਿ ਭਾਰਤ 'ਚ ਜੇ ਉਹ ਸੰਗੀਤ ਕੰਪਨੀਆਂ ਨੂੰ ਪੈਸੇ ਦਿੰਦੇ ਹਨ ਤਾਂ ਹੀ ਉਨ੍ਹਾਂ ਨੂੰ ਗਾਉਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇ ਅਸੀਂ ਪਾਕਿ-ਸਤਾਨ ਵਿੱਚ ਹੁੰਦੇ ਤਾਂ ਸ਼ਾਇਦ ਚੰਗਾ ਹੁੰਦਾ। ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨੀ ਗਾਇਕਾਂ ਨਾਲ ਭਾਰਤੀ ਸੰਗੀਤ ਕੰਪਨੀਆਂ ਇਸ ਤਰ੍ਹਾਂ ਵਿਹਾਰ ਨਹੀਂ ਕਰਦੀਆਂ। ਆਤਿਫ ਅਸਲਮ ਅਤੇ ਰਾਹਤ ਫਤਿਹ ਅਲੀ ਖਾਨ ਦੀ ਗੱਲ ਕਰਦੇ ਹੋਏ ਸੋਨੂੰ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਨਹੀਂ ਕਿਹਾ ਜਾਂਦਾ ਕਿ ਗੀਤ ਗਾਉਣ ਲਈ ਪੈਸੇ ਦਿਓ। ਉਨ੍ਹਾਂ ਕਿਹਾ ਕਿ ਇਸੇ ਕਾਰਨ ਬਾਲੀਵੁੱਡ ਫਿਲਮਾਂ ਲਈ ਚੰਗੇ ਗੀਤ ਨਹੀਂ ਬਣ ਰਹੇ ਅਤੇ ਪਹਿਲਾਂ ਨਵਾਂ ਸੰਗੀਤ ਬਣਾਇਆ ਜਾਂਦਾ ਸੀ, ਪਰ ਅੱਜ ਕੱਲ੍ਹ 'ਰੀਮਿਕਸ' ਹੀ ਬਣਦਾ ਹੈ। ਸੋਨੂੰ ਨਿਗਮ ਦੇ ਇਸ ਬਿਆਨ 'ਤੇ ਕਈ ਸੋਸ਼ਲ ਮੀਡੀਆ ਯੂਜ਼ਰ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ।

ਸਰਕਾਰ ਨੇ ਮੰਨਿਆ:

# ਨੋਟਬੰਦੀ ਵੇਲੇ ਸਟੇਟ ਬੈਂਕ ਦੀ ਲਾਈਨ ਵਿੱਚ ਇੱਕ ਮੌਤ ਹੋਈ ਸੀ

* ਸਿਰਫ ਸਟੇਟ ਬੈਂਕ ਨੇ ਲੋਕਾਂ ਦੀ ਮੌਤ ਦਾ ਵੇਰਵਾ ਦਿੱਤੈ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਕਿਹਾ ਕਿ ਨੋਟਬੰਦੀ ਦੌਰਾਨ ਨੋਟ ਬਦਲਣ ਲਈ ਬੈਂਕਾਂ ਦੀ ਲਾਈਨ ਵਿੱਚ ਲੱਗੇ ਲੋਕਾਂ ਦੀ ਮੌਤ ਦੀ ਜਾਣਕਾਰੀ ਸਿਰਫ ਭਾਰਤੀ ਸਟੇਟ ਬੈਂਕ (ਐੱਸ ਬੀ ਆਈ) ਨੇ ਦਿੱਤੀ ਹੈ। ਇਸ ਦੀ ਲਾਈਨ ਵਿਚ ਸਿਰਫ ਇੱਕ ਗ੍ਰਾਹਕ ਤੇ ਉਸ ਦੌਰਾਨ ਬੈਂਕ ਦੇ ਤਿੰਨ ਕਰਮਚਾਰੀਆਂ ਦੀ ਮੌਤ ਹੋਈ ਸੀ।

ਵਿੱਤ ਮੰਤਰੀ ਅਰੁਣ ਜੇਤਲੀ ਨੇ ਰਾਜ ਸਭਾ ਨੂੰ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਦੱਸਿਆ ਕਿ ਨੋਟਬੰਦੀ ਵੇਲੇ ਨੋਟ ਬਦਲਣ ਲਈ ਲਾਈਨ ਵਿੱਚ ਖੜ੍ਹੇ ਹੋਣ ਨਾਲ, ਸਦਮੇ ਕਾਰਨ ਅਤੇ ਕੰਮ ਦੇ ਦਬਾਅ ਆਦਿ ਕਾਰਨ ਆਮ ਲੋਕਾਂ ਅਤੇ ਬੈਂਕ ਦੇ ਮੁਲਾਜ਼ਮਾਂ ਦੀ ਮੌਤ ਅਤੇ ਪਰਵਾਰਕ ਮੈਂਬਰਾਂ ਨੂੰ ਦਿੱਤੇ ਮੁਆਵਜ਼ੇ ਦੇ ਬਾਰੇ ਐੱਸ ਬੀ ਆਈ ਤੋਂ ਬਿਨਾਂ ਸਰਕਾਰੀ ਖੇਤਰ ਦੇ ਕਿਸੇ ਵੀ ਬੈਂਕ ਨੇ ਕੋਈ ਸੂਚਨਾ ਨਹੀਂ ਦਿੱਤੀ। ਜੇਤਲੀ ਨੇ ਦੱਸਿਆ ਕਿ ਐਸ ਬੀ ਆਈ ਨੇ ਨੋਟਬੰਦੀ ਵੇਲੇ ਤਿੰਨ ਮੁਲਾਜ਼ਮਾਂ ਅਤੇ ਇੱਕ ਗ੍ਰਾਹਕ ਦੀ ਮੌਤ ਹੋਣ ਦੀ ਜਾਣਕਾਰੀ ਦਿੱਤੀ ਅਤੇ ਬੈਂਕ ਨੇ ਮ੍ਰਿਤਕਾਂ ਦੇ ਪਰਵਾਰ ਨੂੰ ਮੁਆਵਜ਼ੇ ਵਜੋਂ 44.06 ਲੱਖ ਰੁਪਏ ਦਿੱਤੇ ਹਨ। ਇਸ ਵਿੱਚੋਂ ਤਿੰਨ ਲੱਖ ਰੁਪਏ ਮ੍ਰਿਤਕ ਗ੍ਰਾਹਕ ਦੇ ਪਰਵਾਰ ਨੂੰ ਦਿੱਤੇ ਗਏ।

ਮਾਰਕਸੀ ਕਮਿਊਨਿਸਟ ਪਾਰਟੀ ਦੇ ਈ. ਕਰੀਮ ਨੇ 500 ਰੁਪਏ ਅਤੇ 1000 ਰੁਪਏ ਵਾਲੇ ਪੁਰਾਣੇ ਨੋਟ ਵਾਪਸ ਲੈਣ ਅਤੇ ਨਸ਼ਟ ਕਰਨ ਅਤੇ ਨਵੇਂ ਨੋਟ ਜਾਰੀ ਕਰਨ ਉੱਤੇ ਰਿਜ਼ਰਵ ਬੈਂਕ ਵੱਲੋਂ ਖਰਚ ਕੀਤੀ ਗਈ ਰਾਸ਼ੀ ਅਤੇ ਨੋਟਬੰਦੀ ਦੌਰਾਨ ਬੈਂਕਾਂ ਵਿੱਚ ਨੋਟ ਬਦਲਣ ਵਾਲਿਆਂ ਦੀ ਲਾਈਨ ਵਿੱਚ ਲੱਗੇ ਲੋਕਾਂ ਦੀ ਮੌਤ ਦਾ ਵੇਰਵਾ ਮੰਗਿਆ ਸੀ। ਇਸ ਬਾਰੇ ਜੇਤਲੀ ਨੇ ਦੱਸਿਆ ਕਿ ਰਿਜ਼ਰਵ ਬੈਂਕ ਨੇ ਨੋਟਬੰਦੀ ਦੇ ਬਾਅਦ ਨਵੇਂ ਨੋਟਾਂ ਦੀ ਛਪਾਈ 'ਤੇ ਹੋਇਆ ਖਰਚ ਆਪਣੀ ਲੇਖਾ ਰਿਪੋਰਟ ਵਿੱਚ ਵੱਖਰਾ ਨਹੀਂ ਦਿਖਾਇਆ। ਨੋਟਬੰਦੀ ਤੋਂ ਪਹਿਲਾਂ 2015-16 ਵਿੱਚ ਨੋਟਾਂ ਦੀ ਛਪਾਈ 'ਤੇ 34.21 ਅਰਬ ਰੁਪਏ ਖਰਚ ਹੋਏ ਸਨ, ਸਾਲ 2016-17 ਵਿੱਚ ਇਹ ਰਾਸ਼ੀ 79.65 ਅਰਬ ਰੁਪਏ ਅਤੇ 2017-18 ਵਿੱਚ 49.42 ਅਰਬ ਰੁਪਏ ਹੋਈ ਸੀ। ਉਨ੍ਹਾਂ ਨੇ ਨੋਟਬੰਦੀ ਨਾਲ ਉਦਯੋਗ ਅਤੇ ਰੋਜ਼ਗਾਰ 'ਤੇ ਪਏ ਅਸਰ ਦਾ ਕੋਈ ਸਰਵੇ ਕਰਾਉਣ ਦੇ ਸਵਾਲ 'ਤੇ ਕਿਹਾ ਕਿ ਸਰਕਾਰ ਨੇ ਇਸ ਬਾਰੇ ਕੋਈ ਉਚੇਚਾ ਸਰਵੇ ਨਹੀਂ ਕਰਾਇਆ।

## ਡੋਕਲਮ ਖਿੱਚੋਤਾਣ ਦੇ ਬਾਅਦ ਸਿੱਕਮ ਅਤੇ ਅਰੁਣਾਚਲ ਵਿੱਚ 18 ਨਵੀਆਂ ਚੌਕੀਆਂ ਬਣਾਈਆਂ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਭਾਰਤ-ਚੀਨ ਵਿਚਾਲੇ ਡੋਕਲਮ ਕਾਂਡ ਦੇ ਬਾਅਦ ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਦੇ ਸਰਹੱਦੀ ਖੇਤਰਾਂ ਵਿੱਚ ਨਿਗਰਾਨੀ ਵਿਵਸਥਾ ਕਰਨ ਲਈ ਭਾਰਤ ਨੇ ਚੋਖੀ ਸਰਗਰਮੀ ਕੀਤੀ ਅਤੇ ਇਸ ਤਹਿਤ ਹਥਿਆਰਬੰਦ ਸੀਮਾ ਬਲ (ਐਸ ਐਸ ਬੀ) ਦੀਆਂ 18 ਨਵੀਆਂ ਚੌਕੀਆਂ ਬਣਾਈਆਂ ਹਨ, ਜਿਸ ਵਿੱਚ 1000 ਤੋਂ ਵੱਧ ਸੁਰੱਖਿਆ ਕਰਮਚਾਰੀ ਤੈਨਾਤ ਕੀਤੇ ਜਾਣ ਦੀ ਰਿਪੋਰਟ ਹੈ।

ਐਸ ਐਸ ਬੀ ਦੇ ਜਨਰਲ ਡਾਇਰੈਕਟਰ ਸੁਰਜੀਤ ਸਿੰਘ ਦੇਸਵਾਲ ਨੇ ਕੱਲ੍ਹ ਸਾਲਾਨਾ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ 1751 ਕਿਲੋਮੀਟਰ ਲੰਬੀ ਭਾਰਤ ਨੇਪਾਲ ਸਰਹੱਦ ਅਤੇ 639 ਕਿਲੋਮੀਟਰ ਲੰਬੀ ਭਾਰਤ ਭੂਟਾਨ ਸਰਹੱਦ ਦੀ ਰਾਖੀ ਕਰਨ ਵਾਲੀ ਫੋਰਸ ਦੀਆਂ ਇਸ ਸਾਲ 72 ਨਵੀਆਂ ਚੌਕੀਆਂ ਯਾਨੀ 'ਬਾਰਡਰ ਆਊਟ ਪੋਸਟ' ਬਣਾਈਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਤਿੰਨ ਸਿੱਕਮ ਵਿੱਚ ਅਤੇ 15 ਅਰੁਣਾਚਲ ਪ੍ਰਦੇਸ਼ ਵਿੱਚ ਹਨ। ਇਹ ਚੌਕੀਆਂ ਭੂਟਾਨ ਨਾਲ ਲੱਗਦੀ ਸਰਹੱਦ ਦੇ ਕੋਲ ਹਨ। ਇਨ੍ਹਾਂ ਦਾ ਉਦੇਸ਼ ਸੁਰੱਖਿਆ ਵਿਵਸਥਾ ਨੂੰ ਮਜ਼ਬੂਤ ਕਰਨਾ ਹੈ। ਇਸ ਨਾਲ ਫੋਰਸ ਦੀਆਂ ਦੇਸ਼ ਵਿੱਚ ਕੁੱਲ ਚੌਕੀਆਂ ਦੀ ਗਿਣਤੀ 708 ਹੋ ਗਈ ਹੈ। ਉਨ੍ਹਾਂ ਨੇ ਕਿਹਾ ਕਿ ਦੂਰ ਦਰਾਜ ਦੇ ਸਾਰੇ ਸਰਹੱਦੀ ਖੇਤਰਾਂ ਵਿੱਚ ਸਥਿਤ ਚੌਕੀਆਂ ਤੱਕ ਸੰਪਰਕ ਮਾਰਗ ਬਣਾਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ ਅਤੇ ਇਸ ਨੂੰ ਦੇਖਦੇ ਹੋਏ ਇਨ੍ਹਾਂ ਖੇਤਰਾਂ ਵਿੱਚ ਤੇਜ਼ ਗਤੀ ਨਾਲ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

## ਦਿੱਲੀ ਵਿੱਚ ਸ਼ਵੇਤਾ ਸ਼ੈਟੀ ਦੀ ਅਗਵਾਈ ਹੇਠ ਔਰਤਾਂ ਦੀ ਪਾਰਟੀ ਬਣੀ

ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਅਮਰੀਕਾ ਵਿਚਲੀ ਇਕ ਦਹਾਕਾ ਪੁਰਾਣੀ ਨੈਸ਼ਨਲ ਵਿਮੈਨਜ਼ ਪਾਰਟੀ ਤੋਂ ਪ੍ਰੇਰਨਾ ਲੈ ਕੇ 36 ਸਾਲਾ ਡਾਕਟਰ ਤੇ ਸਮਾਜਿਕ ਕਾਰਕੁਨ ਨੇ ਪਾਰਲੀਮੈਂਟ ਵਿੱਚ ਮਹਿਲਾ ਰਾਖਵਾਂਕਰਨ ਅਤੇ ਕੰਮਕਾਜੀ ਥਾਵਾਂ ਉਤੇ ਔਰਤਾਂ ਦੇ ਸ਼ੋਸ਼ਣ ਵਾਲੇ ਮੁੱਦਿਆਂ ਉੱਤੇ ਸੰਘਰਸ਼ ਲਈ ਔਰਤਾਂ ਦੀ ਪਾਰਟੀ ਸ਼ੁਰੂ ਕੀਤੀ ਹੈ।

ਨਵੀਂ ਬਣੀ 'ਨੈਸ਼ਨਲ ਵਿਮੈਨਜ਼ ਪਾਰਟੀ' (ਐਨ ਡਬਲਿਊ ਪੀ) ਦੀ ਅਗਵਾਈ ਕਰਨ ਵਾਲੀ ਸ਼ਵੇਤਾ ਸ਼ੈਟੀ ਨੇ ਕਿਹਾ ਕਿ ਪਾਰਟੀ ਦਾ ਉਦੇਸ਼ ਔਰਤਾਂ ਦੀ ਅਗਵਾਈ ਕਰਨਾ ਹੈ, ਜਿਨ੍ਹਾਂ ਨੂੰ ਸਿਸਟਮ ਤੋਂ ਪ੍ਰੇਸ਼ਾਨੀ ਝੱਲਣੀ ਪਈ ਹੈ। ਇਨ੍ਹਾਂ ਵਿੱਚ ਅਜਿਹੀਆਂ ਔਰਤਾਂ ਵੀ ਹਨ, ਜੋ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਕੁਝ ਮਦਦ ਦੀ ਆਸ ਨਾਲ ਦਫਤਰਾਂ ਦੇ ਚੱਕਰ ਕੱਟਦੀਆਂ ਹਨ, ਉਹ ਵੀ ਜੋ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਜਾਂ ਸਮਾਜਿਕ ਬੰਧਨਾਂ ਖਿਲਾਫ ਸੰਘਰਸ਼ ਕਰਦੀਆਂ ਹਨ। ਸ਼ਵੇਤਾ ਨੇ ਕਿਹਾ ਕਿ ਇਸ ਪਾਰਟੀ ਲਈ ਜ਼ਮੀਨੀ ਕਾਰਜ 2012 ਵਿੱਚ ਸ਼ੁਰੂ ਹੋ ਗਿਆ ਸੀ। ਇਹ ਪਾਰਟੀ ਬਣਾਉਣ ਦਾ ਮਕਸਦ ਲੋਕ ਸਭਾ ਚੋਣਾਂ ਵਿੱਚ ਔਰਤ ਉਮੀਦਵਾਰਾਂ ਲਈ 50 ਫੀਸਦੀ ਰਾਖਵਾਂਕਰਨ ਲੈਣਾ ਹੈ। ਉਨ੍ਹਾਂ ਕਿਹਾ ਕਿ ਸਾਲ 2018 ਵਿੱਚ ਵੀ ਔਰਤਾਂ ਦੇ ਅਧਿਕਾਰਾਂ ਦੀ ਉਲੰਘਣਾ ਹੋਈ ਤੇ ਉਨ੍ਹਾਂ ਖਿਲਾਫ ਅਪਰਾਧਾਂ ਵਿੱਚ ਵੀ ਵਾਧਾ ਹੋਇਆ। ਇਨ੍ਹਾਂ ਸੁਧਾਰਾਂ ਉਤੇ ਹਾਲੇ ਤੱਕ ਵਿਚਾਰ ਨਹੀਂ ਕੀਤਾ ਗਿਆ, ਇਸ ਲਈ ਔਰਤਾਂ ਦੀ ਪਾਰਟੀ ਬਣਾਉਣ ਦੀ ਲੋੜ ਪਈ ਹੈ।

# ਸੱਜਣ ਕੁਮਾਰ ਦੀਆਂ ਮੁਸ਼ਕਲਾਂ ਅਜੇ ਹੋਰ ਵਧਣ ਦੇ ਸੰਕੇਤ



ਨਵੀਂ ਦਿੱਲੀ, 19 ਦਸੰਬਰ (ਪੋਸਟ ਬਿਊਰੋ)- ਸਾਲ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਕੇਸ ਵਿੱਚ ਬੀਤੇ ਸੋਮਵਾਰ ਦੋਸ਼ੀ ਕਰਾਰ ਦਿੱਤੇ ਜਾਣ ਪਿੱਛੋਂ ਕਾਂਗਰਸੀ ਨੇਤਾ ਸੱਜਣ ਕੁਮਾਰ ਨੂੰ ਉਮਰ ਕੈਦ ਮਿਲਣ ਪਿੱਛੋਂ ਵੀ ਉਸ ਦੀਆਂ ਮੁਸ਼ਕਲਾਂ ਘੱਟ ਨਹੀਂ ਹੋਈਆਂ। ਇਨ੍ਹਾਂ ਵਿੱਚੋਂ ਇੱਕ ਕੇਸ ਸੱਜਣ ਕੁਮਾਰ ਵਿਰੁੱਧ ਐਸ ਆਈ ਟੀ ਵਿੱਚ ਜਾਂਚ ਅਧੀਨ ਹੈ।

ਸੱਜਣ ਕੁਮਾਰ ਉੱਤੇ ਦਰਜ ਤਿੰਨ ਕੇਸਾਂ ਵਿੱਚ ਕਤਲ, ਕਤਲ ਦੀ ਕੋਸ਼ਿਸ਼ ਅਤੇ ਦੰਗੇ ਭੜਕਾਉਣ ਅਤੇ ਪੁਲਸ ਥਾਣੇ ਜਨਕਪੁਰੀ, ਵਿਕਾਸਪੁਰੀ ਅਤੇ ਸਰਸਵਤੀ ਵਿਹਾਰ ਨੂੰ ਸਾੜਨ ਦੇ ਦੋਸ਼ ਹਨ। ਇਨ੍ਹਾਂ ਮਾਮਲਿਆਂ ਵਿੱਚ ਐਸ ਆਈ ਟੀ ਜਾਂਚ ਆਖਰੀ ਪੜਾਅ ਵਿੱਚ ਹੈ। ਇਸ ਤੋਂ ਇਲਾਵਾ 1984 ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਸਭ ਤੋਂ ਵੱਡਾ ਕੇਸ ਸੁਲਤਾਨਪੁਰੀ ਇਲਾਕੇ ਦਾ ਹੈ, ਜਿੱਥੇ ਸਭ ਤੋਂ ਵੱਧ ਘਟਨਾਵਾਂ ਹੋਈਆਂ ਸਨ। ਇਸ ਮਾਮਲੇ ਵਿੱਚ ਕਰੀਬ 100 ਤੋਂ ਵੱਧ ਲੋਕਾਂ ਦੀ ਹੱਤਿਆ ਹੋਣ ਦੀ ਗੱਲ ਕਹੀ ਜਾ ਰਹੀ ਹੈ। ਇਸੇ ਕੇਸ ਵਿੱਚ ਕੁਝ ਦਿਨ ਪਹਿਲਾਂ ਪਟਿਆਲਾ ਹਾਊਸ ਕੋਰਟ ਵਿੱਚ ਗਵਾਹ ਚਾਮ ਕੌਰ ਨੇ ਸੱਜਣ ਕੁਮਾਰ ਨੂੰ ਸੁਣਵਾਈ ਵੇਲੇ ਜੱਜ ਦੇ ਸਾਹਮਣੇ ਪਛਾਣਿਆ ਸੀ। ਉਸ ਦੀ ਪਛਾਣ ਕਰਦੇ ਹੋਏ ਚਾਮ ਕੌਰ ਨੇ ਕਿਹਾ ਕਿ ਇਹ ਉਹੀ ਸ਼ਖਸ ਹੈ, ਜਿਸ ਨੇ ਭੀੜ ਨੂੰ ਉਕਸਾਇਆ ਸੀ। ਪਾਰਕ ਵਿੱਚ ਸੱਜਣ ਕੁਮਾਰ ਨੇ ਕਿਹਾ ਸੀ, ਕਿ ਸਾਡੀ ਮਾਂ ਦਾ ਕਤਲ ਸਿੱਖਾਂ ਨੇ ਕੀਤਾ ਹੈ, ਇਸ ਲਈ ਇਨ੍ਹਾਂ ਨੂੰ ਨਹੀਂ ਛੱਡਣਾ ਅਤੇ ਬਾਅਦ ਵਿੱਚ ਉਸੇ ਭੀੜ ਨੇ ਉਕਸਾਵੇ ਵਿੱਚ ਆ ਕੇ ਮੇਰੇ ਬੇਟੇ ਅਤੇ ਮੇਰੇ ਪਿਤਾ ਦਾ ਕਤਲ ਕਰ ਦਿੱਤਾ। ਇਸ ਕੇਸ ਦੀ ਜਾਂਚ ਸੀ ਬੀ ਆਈ ਕਰ ਰਹੀ ਹੈ। ਸੁਲਤਾਨਪੁਰੀ ਕੇਸ ਜ਼ਿਲ੍ਹਾ ਜੱਜ ਪਟਿਆਲਾ ਹਾਊਸ ਪੂਨਮ ਦੀ ਅਦਾਲਤ ਵਿੱਚ ਚੱਲ ਰਿਹਾ ਹੈ। 1984 ਦੇ ਸਿੱਖ ਵਿਰੋਧੀ ਕੇਸਾਂ ਵਿੱਚੋਂ ਸਭ ਤੋਂ ਵੱਡਾ ਕੇਸ ਇਹੀ ਹੈ। ਇਹੀ ਮੁਕੱਦਮਾ ਸੱਜਣ ਕੁਮਾਰ ਵਿਰੁੱਧ ਮੁਸ਼ਕਲਾਂ ਵਧਾ ਸਕਦਾ ਹੈ।

## ਦਫਤਰਾਂ ਵਿੱਚ 'ਫਿਰਨ' ਪਹਿਨ ਕੇ ਜਾਣ ਉੱਤੇ ਰੋਕ ਲੱਗੀ

ਜੰਮੂ, 19 ਦਸੰਬਰ (ਪੋਸਟ ਬਿਊਰੋ)- ਫਿਰਨ (ਇਕ ਰਵਾਇਤੀ ਕਸ਼ਮੀਰੀ ਪਹਿਰਾਵਾ) ਬੇਸ਼ੱਕ ਦੇਸ਼ ਵਿਦੇਸ਼ ਦੀਆਂ ਨਾਮੀ ਹਸਤੀਆਂ ਲਈ ਫੈਸ਼ਨ ਸਿੰਬਲ ਬਣ ਰਿਹਾ ਹੈ, ਪਰ ਕਸ਼ਮੀਰ ਵਿੱਚ ਸਿਆਸੀ ਵਿਵਾਦ ਦਾ ਮੁੱਦਾ ਬਣ ਗਿਆ ਹੈ। ਉਤਰੀ ਕਸ਼ਮੀਰ ਦੇ ਹੰਦਵਾੜਾ 'ਚ ਇਕ ਜ਼ੋਨਲ ਸਿੱਖਿਆ ਅਧਿਕਾਰੀ ਨੇ ਆਪਣੇ ਦਫਤਰ ਦੇ ਸਾਰੇ ਅਧਿਕਾਰੀਆਂ ਨੂੰ ਫਿਰਨ ਪਾ ਕੇ ਆਉਣ ਤੋਂ ਮਨ੍ਹਾਂ ਕਰਦੇ ਹੋਏ ਡਰੈਸ ਕੋਡ 'ਚ ਦਫਤਰ ਆਉਣ ਦਾ ਨਿਰਦੇਸ਼ ਜਾਰੀ ਕੀਤਾ ਹੈ। ਇਸ ਦੇ ਬਾਅਦ ਤੋਂ ਇਹ ਮੁੱਦਾ ਇੱਕ ਸਿਆਸੀ ਹੰਗਾਮੇ ਦਾ ਕਾਰਨ ਬਣ ਗਿਆ ਹੈ। ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ ਡੀ ਪੀ) ਨੇ ਇਸ ਆਦੇਸ਼ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਉਂਜ ਇਹ ਪਹਿਲਾ ਮੌਕਾ ਨਹੀਂ, ਜਦੋਂ ਕਸ਼ਮੀਰ ਵਿੱਚ ਫਿਰਨ ਉੱਤੇ ਕਿਸੇ ਪਾਬੰਦੀ ਤੋਂ ਵਿਵਾਦ ਪੈਦਾ ਹੋਇਆ ਹੈ। ਇਸ ਤੋਂ ਪਹਿਲਾਂ 2014 'ਚ ਸ੍ਰੀਨਗਰ ਸਥਿਤ ਫੌਜ ਦੇ ਹੈਡਕੁਆਰਟਰ 'ਚ ਹੋਣ ਵਾਲੇ ਸਰਕਾਰੀ ਫੌਜੀ ਸਮਾਗਮਾਂ 'ਚ ਸਥਾਨਕ ਪੱਤਰਕਾਰਾਂ ਨੂੰ ਫਿਰਨ ਨਾ ਪਾ ਕੇ ਆਉਣ ਦੀ ਅਪੀਲ ਕੀਤੀ ਸੀ।

## ਕੰਨ ਦੇ ਛੇਕ ਵਿੱਚੋਂ ਦਿਮਾਗ ਬਾਹਰ ਆਉਂਦਾ ਵੇਖਿਆ ਤਾਂ ਸਰਜਰੀ ਕਰਨੀ ਪਈ

ਚੇਨਈ, 19 ਦਸੰਬਰ (ਪੋਸਟ ਬਿਊਰੋ)- ਤਾਮਿਲ ਨਾਡੂ ਵਿੱਚ ਮਾਹਰਾਂ ਦੀ ਟੀਮ ਨੇ ਇੱਕ ਵਿਅਕਤੀ ਦੇ ਦਿਮਾਗ ਦੀ ਇਸ ਲਈ ਸਰਜਰੀ ਕੀਤੀ ਹੈ ਕਿ ਦਿਮਾਗ ਦਾ ਕੁਝ ਹਿੱਸਾ ਕੰਨ 'ਚ ਇੱਕ ਛੇਕ ਦੇ ਰਸਤੇ ਬਾਹਰ ਆ ਰਿਹਾ ਸੀ।

ਇਰੋਡ ਵਿੱਚ ਇੱਕ ਨਿੱਜੀ ਕੰਪਨੀ ਵਿੱਚ ਆਡੀਟਰ ਲੋਗਨਨਾਥਨ (54) ਪਿਛਲੇ ਇੱਕ ਸਾਲ ਤੋਂ ਰੁਕ-ਰੁਕ ਕੇ ਹੋਣ ਵਾਲੇ ਸਿਰਦਰਦ ਤੇ ਸੱਜੇ ਕੰਨ ਦੀ ਦਰਦ ਤੋਂ ਬਹੁਤ ਪ੍ਰੇਸ਼ਾਨ ਸੀ। ਉਸ ਨੇ ਕਈ ਹਸਪਤਾਲਾਂ ਦੇ ਡਾਕਟਰਾਂ ਨੂੰ ਦਿਖਾਇਆ, ਪਰ ਆਰਾਮ ਨਹੀਂ ਮਿਲਿਆ। ਇਥੋਂ ਦੇ ਅਪੋਲੋ ਹਸਪਤਾਲ ਦੇ ਡਾਕਟਰਾਂ ਨੇ ਸਿਟੀ ਸਕੈਨ ਅਤੇ ਬ੍ਰੇਨ ਐੱਮ ਆਰ ਆਈ ਸਮੇਤ ਕਈ ਤਰ੍ਹਾਂ ਜਾਂਚ ਕੀਤੀ, ਜਿਸ 'ਚ ਉਸ ਦੇ ਅੰਦਰੂਨੀ ਕੰਨ ਦੀ ਉਪਰਲੀ ਪਰਤ ਦੇ ਛੇਕ ਦਾ ਪਤਾ ਲੱਗਾ, ਜਿਸ 'ਚੋਂ ਦਿਮਾਗ ਦਾ ਛੋਟਾ ਹਿੱਸਾ ਬਾਹਰ ਆ ਰਿਹਾ ਸੀ। ਡਾਕਟਰ ਕ੍ਰਿਸ਼ਨ ਕੁਮਾਰ ਅਤੇ ਡਾਕਟਰ ਜੁਆਏ ਵਰਗੀਸ ਦੀ ਟੀਮ ਨੇ ਬੇਹੱਦ ਸਾਵਧਾਨੀ ਨਾਲ ਖੋਪੜੀ 'ਚ ਛੇਕ ਕਰ ਕੇ ਦਿਮਾਗ ਦੇ ਬਾਹਰ ਆ ਰਹੇ ਹਿੱਸੇ ਨੂੰ ਹਟਾਇਆ ਤੇ ਕੰਨ ਦੇ ਛੇਕ ਨੂੰ ਬੰਦ ਕਰ ਦਿੱਤਾ। ਡਾਕਟਰ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਅੱਠ ਘੰਟੇ ਚੱਲੀ ਇਹ ਬੜੀ ਔਖੀ ਸਰਜਰੀ ਸੀ। ਇਹੋ ਜਿਹੇ ਕੇਸ ਵਿਰਲੇ ਹੀ ਆਉਂਦੇ ਹਨ। ਕੰਨ 'ਚ ਲੰਮੇ ਸਮੇਂ ਤੱਕ ਇਨਫੈਕਸ਼ਨ ਰਹਿਣ ਤੇ 10 ਸਾਲ ਪਹਿਲਾਂ ਹੋਏ ਇੱਕ ਹਾਦਸੇ ਕਾਰਨ ਲੋਗਨਨਾਥਨ ਨੂੰ ਇਹ ਸਮੱਸਿਆ ਹੋਈ ਹੋਵੇਗੀ। ਜੇ ਸਰਜਰੀ ਨਾ ਹੁੰਦੀ ਤਾਂ ਮਰੀਜ਼ ਦਾ ਬਚਣਾ ਅਸੰਭਵ ਸੀ।

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

• Insurance •
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾਂ 905-458-6446,ਅਜੀਤ ਸਿੰਘ ਊਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।

BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
TNG
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

# ਸ਼ਾਹੀ ਪਰਿਵਾਰ ਦੀ ਨੂੰਹ ਦੇ ਬਾਪ ਵੱਲੋਂ ਮਹਾਰਾਣੀ ਨੂੰ ਅਪੀਲ: ਮੇਰੀ ਧੀ ਨਾਲ ਇੱਕ ਵਾਰ ਗੱਲ ਕਰਵਾ ਦਿਓ

ਲੰਡਨ, 19 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਸ਼ਾਹੀ ਪਰਵਾਰ ਦੀ ਛੋਟੀ ਨੂੰਹ ਮੇਗਨ ਮਰਕੇਲ ਦੇ ਪਿਤਾ ਥਾਮਸ ਮਰਕੇਲ ਨੇ ਮਹਾਰਾਣੀ ਐਲਿਜ਼ਾਬੈਥ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਦੀ ਬੇਟੀ ਨਾਲ ਇੱਕ ਵਾਰ ਗੱਲ ਕਰਵਾ ਦੇਣ। ਥਾਮਸ ਨੇ ਕਿਹਾ ਕਿ ਪ੍ਰਿੰਸ ਹੈਰੀ ਨਾਲ ਮੇਗਨ ਦੇ ਵਿਆਹ ਕਾਰਨ ਪੈਦਾ ਹੋਏ ਮਤਭੇਦ ਸਦਾ ਨਹੀਂ ਰਹਿ ਸਕਦੇ। ਮੈਨੂੰ ਆਸ ਹੈ ਕਿ ਉਸ ਦਾ ਹੱਲ ਵੀ ਇਕ ਦਿਨ ਨਿਕਲੇਗਾ।



ਇਹ ਗੱਲਾਂ ਥਾਮਸ ਨੇ ਇੱਕ ਅਮਰੀਕੀ ਨਿਊਜ਼ ਚੈਨਲ ਉਤੇ ਕਹੀਆਂ। ਥਾਮਸ ਨੇ ਅੱਗੇ ਕਿਹਾ, ਮੇਗਨ ਦਾ ਵਿਆਹ ਪ੍ਰਿੰਸ ਹੈਰੀ ਨਾਲ ਹੋਣ ਪਿੱਛੋਂ ਮੈਂ ਆਪਣੀ ਬੇਟੀ ਨਾਲ ਗੱਲ ਨਹੀਂ ਕੀਤੀ, ਉਹ ਮੇਰੇ ਫੋਨ ਕਾਲਸ ਅਤੇ ਮੈਸੇਜ ਦਾ ਜਵਾਬ ਨਹੀਂ ਦੇ ਰਹੀ। ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਹ ਕਵੀਨ ਐਲਿਜ਼ਾਬੈਥ ਨੂੰ ਕੀ ਸੰਦੇਸ਼ ਦੇਣਾ ਚਾਹੁਣਗੇ? ਇਸ 'ਤੇ ਥਾਮਸ ਨੇ ਕਿਹਾ, ਉਹ ਜੋ ਵੀ ਕਰ ਸਕਦੀ ਹੈ, ਮੈਂ ਉਸ ਦੀ ਸ਼ਲਾਘਾ ਕਰਦਾ ਹਾਂ। ਮੈਨੂੰ ਲੱਗਦਾ ਹੈ ਕਿ ਉਹ ਪਰਵਾਰ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੁੰਦੀ ਹੈ। ਪਰਵਾਰ ਆਮ ਹੋਵੇ ਜਾਂ ਰਾਜਸ਼ਾਹੀ, ਸਾਰੇ ਇੱਕੋ ਜਿਹੇ ਹੁੰਦੇ ਹਨ। ਮੈਂ ਉਨ੍ਹਾਂ ਨੂੰ ਸਿਰਫ ਇਹੀ ਕਹਿਣਾ ਚਾਹੁੰਦਾ ਹਾਂ ਕਿ ਉਹ ਇੱਕ ਵਾਰ ਮੇਰੀ ਬੇਟੀ ਨਾਲ ਗੱਲ ਕਰਵਾ ਦੇਣ।

ਥਾਮਸ ਨੇ ਕਿਹਾ, ਹੈਰੀ ਅਤੇ ਮੇਗਨ ਜੋੜੇ ਦੇ ਪਹਿਲੇ ਬੱਚੇ ਦਾ ਜਨਮ ਅਗਲੇ ਸਾਲ ਹੋ ਸਕਦਾ ਹੈ। ਮੈਂ ਜਲਦੀ ਹੀ ਨਾਨਾ ਬਣ ਸਕਦਾ ਹਾਂ। ਮੈਨੂੰ ਆਸ ਹੈ ਕਿ ਸਾਰੇ ਮਤਭੇਦ ਠੀਕ ਹੋਣਗੇ ਤੇ ਮੈਂ ਨੰਨ੍ਹੀ ਮੇਗਨ ਜਾਂ ਛੋਟੇ ਹੈਰੀ ਨੂੰ ਦੇਖ ਸਕਾਂਗਾ। ਮੈਂ ਆਪਣੀ ਬੇਟੀ ਅਤੇ ਉਸ ਦੇ ਜੀਵਨ ਵਿੱਚ ਆਉਣ ਵਾਲੀਆਂ ਖੁਸ਼ੀਆਂ ਬਾਰੇ ਉਤਸ਼ਾਹਤ ਹਾਂ। ਵਰਨਣ ਯੋਗ ਹੈ ਕਿ ਉਹ ਆਪਣੀ ਬੇਟੀ ਦੇ ਵਿਆਹ ਵਿੱਚ ਸ਼ਾਮਲ ਨਹੀਂ ਹੋਏ ਸਨ।

## ਜੇਮਸ ਕੋਮੇ ਨੇ ਕਿਹਾ:

# ਟਰੰਪ ਦੇ ਮੂਹਰੇ ਰਿਪਬਲਿਕਨ ਆਗੂ ਸੱਚ ਬੋਲਣ ਦੀ ਹਿੰਮਤ ਕਰਨ

ਵਾਸ਼ਿੰਗਟਨ, 19 ਦਸੰਬਰ (ਪੋਸਟ ਬਿਊਰੋ)- ਅਮਰੀਕੀ ਜਾਂਚ ਏਜੰਸੀ ਐਫ ਬੀ ਆਈ ਦੇ ਸਾਬਕਾ ਡਾਇਰੈਕਟਰ ਜੇਮਸ ਕੋਮੇ ਨੇ ਝੂਠ ਬੋਲਣ ਅਤੇ ਕਾਨੂੰਨ ਦੇ ਸ਼ਾਸਨ ਨੂੰ ਕਮਜ਼ੋਰ ਕਰਨ ਲਈ ਰਾਸ਼ਟਰਪਤੀ ਟਰੰਪ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਨੇ ਰਿਪਬਲਿਕਨ ਪਾਰਟੀ ਦੇ ਆਗੂਆਂ ਨੂੰ ਉਨ੍ਹਾਂ ਦੇ ਖਿਲਾਫ ਖੜ੍ਹੇ ਹੋਣ ਦੀ ਅਪੀਲ ਕੀਤੀ।

ਜੇਮਸ ਕੋਮੇ ਨੇ ਅਮਰੀਕੀ ਸੀਨੇਟ ਵਿੱਚ ਕਿਹਾ, ਟਰੰਪ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਵਾਰ-ਵਾਰ ਝੂਠ ਬੋਲਣ ਨਾਲ ਐਫ ਬੀ ਆਈ ਦੇ ਅਕਸ ਨੂੰ ਡੂੰਘਾ ਧੱਕਾ ਲੱਗਾ ਹੈ। ਐਫ ਬੀ ਆਈ ਦੇ ਸਾਬਕਾ ਮੁਖੀ ਨੇ ਕਿਹਾ, ਟਰੰਪ ਨੇ ਬਹੁਤ ਆਤਮ ਵਿਸ਼ਵਾਸ ਦੇ ਨਾਲ ਇਕ ਦੇ ਬਾਅਦ ਇਕ ਇੰਨੇ ਝੂਠੇ ਬੋਲੇ ਹਨ ਕਿ ਵੱਡੀ ਗਿਣਤੀ ਵਿੱਚ ਮਾਸੂਮ ਲੋਕ ਉਨ੍ਹਾਂ 'ਤੇ ਯਕੀਨ ਕਰਨ ਲੱਗੇ ਹਨ। ਐਫ ਬੀ ਆਈ ਦੇ ਖਿਲਾਫ ਟਰੰਪ ਵੱਲੋਂ ਕੀਤੇ ਟਵੀਟਾਂ ਤੋਂ ਨਾਰਾਜ਼ ਕੋਮੇ ਨੇ ਕਿਹਾ ਕਿ ਇਥੇ ਮੌਜੂਦ ਅਜਿਹੇ ਲੋਕ ਜੋ ਸੱਚ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਨ੍ਹਾਂ ਨੂੰ ਰਾਸ਼ਟਰਪਤੀ ਦੇ ਸਾਹਮਣੇ ਖੜੇ ਹੋਣ ਅਤੇ ਸੱਚ ਬੋਲਣ ਦੀ ਹਿੰਮਤ ਕਰਨੀ ਹੋਵੇਗੀ। ਟਰੰਪ ਨੇ ਕਿਹਾ ਸੀ ਕਿ ਐਫ ਬੀ ਆਈ ਨੇ ਉਨ੍ਹਾਂ ਦੇ ਸਾਬਕਾ ਨਿੱਜੀ ਵਕੀਲ ਮਾਈਕਲ ਕੋਹੇਨ ਅਤੇ ਸਾਬਕਾ ਐਨ ਐਸ ਏ ਮਾਈਕਲ ਫਿਲਨ ਦੀ ਜਾਂਚ ਕਰਦੇ ਹੋਏ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਸੀ।



# ਅਮਰੀਕਾ ਦੇ ਮੰਤਰੀ ਵੱਲੋਂ ਸਕੂਲੀ ਸਟਾਫ ਨੂੰ ਹਥਿਆਰਬੰਦ ਕਰਨ ਦੀ ਸਿਫਾਰਿਸ਼

ਵਾਸ਼ਿੰਗਟਨ, 19 ਦਸੰਬਰ (ਪੋਸਟ ਬਿਊਰੋ)- ਅਮਰੀਕੀ ਸਕੂਲਾਂ ਵਿੱਚ ਗੋਲੀਬਾਰੀ ਦੀਆਂ ਵਾਰ-ਵਾਰ ਹੁੰਦੀਆਂ ਘਟਨਾਵਾਂ ਬਾਰੇ ਰਾਸ਼ਟਰਪਤੀ ਡੋਨ-ਾਲਡ ਟਰੰਪ ਵਲੋਂ ਬਣਾਏ ਸੁਰੱਖਿਆ ਪੈਨਲ ਨੇ ਇਹ ਘਟਨਾਵਾਂ ਰੋਕਣ ਲਈ ਸੁਝਾਅ ਦਿੱਤੇ ਹਨ, ਜਿਸ ਵਿੱਚ ਸਕੂਲੀ ਸਟਾਫ ਨੂੰ ਹਥਿਆਰਾਂ ਨਾਲ ਲੈਸ ਕਰਨ, ਰਿਟਾਇਰਡ ਫੌਜੀਆਂ ਨੂੰ ਗਾਰਡ ਵਜੋਂ ਰੱਖਣ ਅਤੇ ਓਬਾਮਾ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਨੂੰ ਪਲਟਣ ਦੀਆਂ ਸਿਫਾਰਿਸ਼ਾਂ ਸ਼ਾਮਲ ਹਨ।

ਵਰਨਣ ਯੋਗ ਹੈ ਕਿ ਫਰਵਰੀ ਵਿੱਚ ਪਾਰਕਲੈਂਡ, ਫਲੋਰਿਡਾ ਦੀ ਹਿੰਸਾ ਦੀ ਘਟਨਾ, ਜਿਸ ਦੌਰਾਨ ਇਕ ਸਾਬਕਾ ਵਿਦਿਆਰਥੀ ਵਲੋਂ ਕੀਤੀ ਗੋਲੀਬਾਰੀ ਵਿੱਚ 17 ਲੋਕਾਂ ਦੀ ਮੌਤ ਹੋ ਗਈ ਸੀ, ਤੋਂ ਬਾਅਦ ਸਿੱਖਿਆ ਮੰਤਰੀ ਬੈਸਟੀ ਡੇਵੋਸ ਦੀ ਅਗਵਾਈ ਹੇਠ ਫੈਡਰਲ ਕਮਿਸ਼ਨ ਬਣਾਇਆ ਗਿਆ ਸੀ। ਇਸ ਘਟਨਾ ਤੋਂ ਬਾਅਦ ਤੋਂ ਹਥਿਆਰ ਰੱਖਣ ਦੇ ਰਿਵਾਜ ਦੇ ਖਿਲਾਫ ਪ੍ਰਦਰਸ਼ਨ ਤੇਜ਼ ਹੋ ਗਏ ਸਨ। ਇਸ ਕਮਿਸ਼ਨ ਨੇ ਬੰਦੂਕ ਖਰੀਦਣ ਲਈ ਘੱਟ ਤੋਂ ਘੱਟ ਉਮਰ ਨੂੰ ਵਧਾਉਣ ਤੋਂ ਇਨਕਾਰ ਕਰਦਿਆਂ ਆਪਣੀ 180 ਪੇਜਾਂ ਦੀ ਰਿਪੋਰਟ ਵਿੱਚ ਦਲੀਲ ਦਿੱਤੀ ਕਿ ਸਕੂਲ ਵਿੱਚ ਗੋਲੀਬਾਰੀ ਕਰਨ ਵਾਲੇ ਜ਼ਿਆਦਾਤਰ ਵਿਦਿਆਰਥੀ ਆਪਣੇ ਪਰਿਵਾਰਕ ਮੈਂਬਰਾਂ ਜਾਂ ਦੋਸਤਾਂ ਦੇ ਹਥਿਆਰਾਂ ਦੀ ਵਰਤੋਂ ਕਰਦੇ ਹਨ। ਕਮਿਸ਼ਨ ਨੇ ਸਿਫਾਰਿਸ਼ ਕੀਤੀ ਕਿ ਫੌਜ ਤੇ ਪੁਲਸ ਦੇ ਸਾਬਕਾ ਅਧਿਕਾਰੀਆਂ ਨੂੰ ਅਧਿਆਪਕ ਵਜੋਂ ਭਰਤੀ ਕਰਨਾ ਚੰਗਾ ਕਦਮ ਸਾਬਤ ਹੋ ਸਕਦਾ ਹੈ। ਇਸ ਰਿਪੋਰਟ 'ਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਸਾਲ 2014 ਵਿੱਚ ਪੇਸ਼ ਉਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਸਮੀਖਿਆ ਦੀ ਵੀ ਸਿਫਾਰਿਸ਼ ਕੀਤੀ ਗਈ ਹੈ, ਜਿਸ ਵਿੱਚ ਕਾਲੇ ਅਤੇ ਲੈਟਿਨ ਅਮਰੀਕੀ ਵਿਦਿਆਰਥੀਆਂ ਨਾਲ ਵਿਤਕਰੇ ਰੋਕਣ ਲਈ ਬਦਲ ਤਲਾਸ਼ਣ ਦੀ ਗੱਲ ਕਹੀ ਗਈ ਸੀ। ਕਮਿਸ਼ਨ ਦੇ ਮੁਤਾਬਕ ਇਸ ਕਦਮ ਨਾਲ ਸਕੂਲਾਂ 'ਚ ਅਨੁਸ਼ਾਸਨ ਤੇ ਸੁਰੱਖਿਆ ਦਾ ਬੇਹੱਦ ਨਾਕਾਰਾਤਮਕ ਅਸਰ ਪਵੇਗਾ। ਅਮਰੀਕੀ ਅਖਬਾਰ ਵਾਸ਼ਿੰਗਟਨ ਪੋਸਟ ਮੁਤਾਬਕ ਅਪ੍ਰੈਲ 1999 'ਚ ਕੋਲੰਬੀਅਨ ਹਾਈਸਕੂਲ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਅੱਜ ਤੱਕ 2,19,000 ਵਿਦਿਆਰਥੀ ਗੋਲੀਬਾਰੀ ਦੀਆਂ ਘਟਨਾਵਾਂ 'ਚ ਸ਼ਾਮਲ ਪਾਏ ਗਏ ਹਨ।








# ਆਸਟਰੇਲੀਆ ਵਿੱਚ ਤਿੰਨ ਭਾਰਤੀ ਨੌਜਵਾਨ ਸਮੁੰਦਰ ਵਿੱਚ ਡੁੱਬੇ

ਸਿਡਨੀ, 19 ਦਸੰਬਰ (ਪੋਸਟ ਬਿਊਰੋ)- ਇਥੇ ਸਮੁੰਦਰ ਵਿੱਚ ਡੁੱਬਣ ਨਾਲ ਤਿੰਨ ਭਾਰਤੀਆਂ ਦੀ ਮੌਤ ਹੋ ਗਈ ਹੈ। ਇਨ੍ਹਾਂ ਵਿੱਚੋਂ ਦੋ ਜਣੇ ਮੁਹੰਮਦ ਗੁਜ਼ੁਦੀਨ (45) ਤੇ ਸਈਦ (35) ਦੀਆਂ ਲਾਸ਼ਾਂ ਸਮੁੰਦਰ 'ਚੋਂ ਕੱਢੀਆਂ ਗਈਆਂ, ਪਰ ਤੀਸਰੇ ਅਬਦੁਲ ਜੁਨੈਦ (28) ਦੀ ਭਾਲ ਜਾਰੀ ਹੈ। ਸਾਰੇ ਮ੍ਰਿਤਕ ਹੈਦਰਾਬਾਦ ਨੇੜਲੇ ਇਲਾਕੇ ਨਾਲ ਸਬੰਧਤ ਹਨ।

ਬਚਾਅ ਕਾਰਜਾਂ ਵਿੱਚ ਜੁਟੇ ਅਮਲੇ ਨੇ ਡਰ ਪ੍ਰਗਟਾਇਆ ਕਿ ਪਾਣੀ ਦੇ ਤੇਜ਼ ਵਹਾਅ ਕਾਰਨ ਜੁਨੈਦ ਦੀ ਵੀ ਮੌਤ ਹੋ ਗਈ ਹੋਵੇਗੀ। ਇਨ੍ਹਾਂ ਤੋਂ ਇਲਾਵਾ ਇਸੇ ਪਰਵਾਰ ਦੀਆਂ ਦੋ ਲੜਕੀਆਂ (15 ਅਤੇ 17 ਸਾਲ) ਅਤੇ ਇਕ 15 ਸਾਲਾ ਲੜਕੇ ਨੂੰ ਬਚਾਅ ਲਿਆ ਗਿਆ ਹੈ। ਉਹ ਨੇੜੇ ਦੇ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਮਿਲੀ ਜਾਣਕਾਰੀ ਅਨੁਸਾਰ ਪੀੜਤ ਪਰਵਾਰ ਸਿਡਨੀ ਤੋਂ ਕ੍ਰਿਸਮਸ ਦੀਆਂ ਛੁੱਟੀਆਂ ਬਤੀਤ ਕਰਨ ਲਈ ਪੈਸੇਫਿਕ ਸਮੁੰਦਰੀ ਤੱਟ ਨਾਲ ਲੱਗਦੇ ਸ਼ਹਿਰ ਕਾਫਸ ਹਾਰਬਰ ਗਿਆ ਹੋਇਆ ਸੀ। ਕਾਫਸ ਹਾਰਬਰ ਸਿਟੀ ਕੌਂਸਲ ਦੇ ਲਾਈਫਗਾਰਡ ਕੋਆਰਡੀਨੇਟਰ ਗ੍ਰੇਗ ਹੈਕਫਥ ਨੇ ਕਿਹਾ ਕਿ ਸ਼ੁਰੂਆਤੀ ਜਾਂਚ ਅਨੁਸਾਰ ਲੱਗਦਾ ਹੈ ਕਿ ਬੀਚ ਵਿੱਚ ਪਹਿਲਾਂ ਨੌਜਵਾਨ ਗਏ ਹੋਣਗੇ। ਜਦੋਂ ਉਹ ਮੁਸ਼ਕਲ ਵਿੱਚ ਪਏ ਤਾਂ ਉਨ੍ਹਾਂ ਦੀ ਮਦਦ ਲਈ ਵੱਡੇ ਲੋਕ ਪਾਣੀ ਵਿੱਚ ਕੁੱਦੇ, ਪਰ ਬਦਕਿਸਮਤੀ ਨਾਲ ਭਿਆਨਕ ਦੁਖਾਂਤ ਵਾਪਰ ਗਿਆ।

# ਪੱਤਰਕਾਰਾਂ ਦੇ ਕਤਲਾਂ ਵਿੱਚ ਵਾਧੇ ਉੱਤੇ ਚੌਕਸੀ ਗਰੁੱਪ ਨੇ ਚਿੰਤਾ ਜਤਾਈ

ਵਾਸ਼ਿੰਗਟਨ, 19 ਦਸੰਬਰ (ਪੋਸਟ ਬਿਊਰੋ)- ਮੀਡੀਏ ਬਾਰੇ ਇਕ ਮੀਡੀਆ ਨਿਗਰਾਨੀ ਗਰੁੱਪ ਨੇ ਬੁੱਧਵਾਰ ਨੂੰ ਦੱਸਿਆ ਕਿ ਪੱਤਰਕਾਰਾਂ ਨੂੰ ਉਨ੍ਹਾਂ ਦੇ ਕੰਮ ਦੇ ਕਾਰਨ ਮਾਰੇ ਜਾਣ ਦਾ ਖਤਰਾ ਸਾਲ 2018 'ਚ ਵਧਿਆ ਹੈ, ਹਾਲਾਂਕਿ ਉਨ੍ਹਾਂ ਦੇ ਜੰਗ ਅਤੇ ਸੰਘਰਸ਼ ਵਾਲੇ ਖੇਤਰਾਂ ਵਿੱਚ ਕੰਮ ਕਰਨ ਦਾ ਖਤਰਾ ਘੱਟ ਹੋਇਆ ਹੈ।

ਪੱਤਰਕਾਰਾਂ ਦੀ ਸੁਰੱਖਿਆ ਬਾਰੇ ਕਮੇਟੀ (ਸੀ ਪੀ ਜੇ) ਨੇ ਦੱਸਿਆ ਕਿ ਇਸ ਸਾਲ 53 ਵਿੱਚੋਂ 34 ਪੱਤਰਕ-ਾਰਾਂ ਦਾ ਡਿਊਟੀ ਦੌਰਾਨ ਕਤਲ ਹੋਇਆ ਹੈ। ਨਿਊਯਾਰਕ ਵਿਚਲੇ ਨਿਗਰਾਨੀ ਗਰੁੱਪ ਨੇ ਇਕ ਰਿਪੋਰਟ 'ਚ ਕਿਹਾ ਕਿ ਸਾਲ 2018 ਵਿੱਚ ਪਿਛਲੇ ਸਾਲ ਦੇ ਮੁਕਾਬਲੇ ਜਿਨ੍ਹਾਂ ਪੱਤਰਕਾਰਾਂ ਨੂੰ ਸਿਰਫ ਰਿਪੋਰਟਿੰਗ ਕਰ ਕੇ ਮਾਰ ਦਿੱਤਾ ਗਿਆ, ਉਨ੍ਹਾਂ ਦੀ ਗਿਣਤੀ ਲਗਭਗ ਦੋ ਗੁਣਾ ਹੋ ਗਈ ਹੈ। ਪੈਰਿਸ ਦੀ ਰਿਪੋਰਟਰਸ ਵਿਦਾਊਟ ਬਾਰਡਰਸ ਦੀ ਇਸ ਹਫਤੇ ਆਈ ਰਿਪੋਰਟ ਵਿੱਚ ਮਰਨ ਵਾਲਿਆਂ ਦੀ ਗਿਣਤੀ 80 ਦੱਸੀ ਗਈ ਹੈ। ਇਸ ਵਿੱਚ ਬਲਾਗਰ, ਸਿਟੀਜ਼ਨ, ਜਰਨਲਿਸਟ ਤੇ ਮੀਡੀਆ ਮੁਲਾਜ਼ਮ ਸ਼ਾਮਲ ਹਨ। ਦੋਵਾਂ ਰਿਪੋਰਟਾਂ ਵਿੱਚ ਪੱਤਰਕਾਰਾਂ ਦੇ ਖਿਲਾਫ ਵਿਰੋਧ ਦੀਆਂ ਘਟਨਾਵਾਂ 'ਚ ਚਿੰਤਾ ਜਨਕ ਵਾਧਾ ਦਿੱਸਦਾ ਹੈ। ਸੀ ਪੀ ਜੇ ਨੇ ਇਸਤਾਂਬੁੱਲ 'ਚ ਸਾਊਦੀ ਅਰਬ ਦੇ ਕੌਂਸਲੇਟ ਵਿੱਚ ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਹੈ ਕਿ ਅਫਗਾਨਿਸਤਾਨ ਸਭ ਤੋਂ ਖਤਰਨਾਕ ਦੇਸ਼ ਰਿਹਾ ਤੇ ਉਥੇ ਪੱਤਰਕਾਰਾਂ 'ਤੇ ਸਭ ਤੋਂ ਵੱਧ ਹਮਲੇ ਹੋਏ। ਉਥੇ ਅੱਤਵਾਦੀਆਂ ਨੇ ਪੱਤਰਕਾਰਾਂ 'ਤੇ ਹਮਲੇ ਤੇਜ਼ ਕਰ ਦਿੱਤੇ ਹਨ।

# ਕੰਮ ਦੇ ਸਥਾਨ ਉਤੇ ਇਸਤਰੀ ਮਰਦ ਬਰਾਬਰੀ ਨੂੰ 202 ਤੋਂ ਵੱਧ ਸਾਲ ਲੱਗਣਗੇ

ਜੇਨੇਵਾ, 19 ਦਸੰਬਰ (ਪੋਸਟ ਬਿਊਰੋ)- ਔਰਤਾਂ ਲੰਬੇ ਸਮੇਂ ਤੋਂ ਕੰਮ ਦੇ ਸਥਾਨ ਉਤੇ ਬਰਾਬਰ ਵਿਹਾਰ ਅਤੇ ਤਨਖਾਹ ਦੀ ਮੰਗ ਕਰ ਰਹੀਆਂ ਹਨ, ਪਰ ਇਸਤਰੀ ਮਰਦ ਦੇ ਵਿਚਾਲੇ ਬਰਾਬਰੀ ਦੇ ਇਸ ਟੀਚੇ ਨੂੰ ਹਾਸਲ ਕਰਨ ਵਿੱਚ ਅਜੇ ਸਦੀਆਂ ਲੱਗਣਗੀਆਂ। ਇਕ ਰਿਪੋਰਟ ਵਿੱਚ ਇਹ ਗੱਲ ਕਹੀ ਗਈ ਹੈ।

ਵਿਸ਼ਵ ਆਰਥਿਕ ਮੰਚ (ਡਬਲਯੂ ਈ ਐਫ) ਨੇ ਕੱਲ੍ਹ ਜਾਰੀ ਕੀਤੀ ਆਪਣੀ ਰਿਪੋਰਟ ਵਿੱਚ ਕਿਹਾ ਕਿ 2017 ਦੇ ਮੁਕਾਬਲੇ ਇਸ ਸਾਲ ਤਨਖਾਹ ਬਰਾਬਰੀ ਦੇ ਪੱਖ ਉਤੇ ਕੁਝ ਸੁਧਾਰ ਹੋਇਆ ਹੈ। ਉਸ ਨੇ ਚੇਤਾਵਨੀ ਦਿੱਤੀ ਕਿ ਰਾਜਨੀਤੀ ਵਿੱਚ ਔਰਤਾਂ ਦੀ ਘਟਦੀ ਗਿਣਤੀ ਅਤੇ ਸਿੱਖਿਆ ਅਤੇ ਸਿਹਤ ਸੇਵਾਵਾਂ ਤੱਕ ਪਹੁੰਚ ਵਿੱਚ ਨਾਬਰਾਬਰੀ ਦੇ ਚੱਲਦੇ ਇਹ ਸੁਧਾਰ ਬੇਕਾਰ ਹੋ ਗਏ ਹਨ। ਡਬਲਯੂ ਈ ਐਫ ਨੇ ਪਾਇਆ ਕਿ ਮੌਜੂਦਾ ਸਮੇਂ ਜਿਸ ਦਰ ਨਾਲ ਸੁਧਾਰ ਕੀਤੇ ਜਾ ਰਹੇ ਹਨ ਉਸ ਹਿਸਾਬ ਨਾਲ ਦੁਨੀਆ ਦੇ ਸਾਰੇ ਖੇਤਰਾਂ ਵਿੱਚ ਮੌਜੂਦਾ ਇਸਤਰੀ ਮਰਦ ਨਾਬਰਾਬਰੀ ਨੂੰ ਅਗਲੇ 108 ਸਾਲਾਂ ਵਿੱਚ ਦੂਰ ਨਹੀਂ ਕੀਤਾ ਜਾ ਸਕੇਗਾ, ਕੰਮ ਦੇ ਸਥਾਨ 'ਤੇ ਨਾਬਰਾਬਰੀ ਨੂੰ ਖਤਮ ਕਰਨ ਵਿੱਚ 202 ਸਾਲ ਲੱਗਣ ਦੀ ਆਸ ਹੈ।

ਵਿਸ਼ਵ ਆਰਥਿਕ ਮੰਚ ਦੇ ਇਸਤਰੀ ਮਰਦ ਨਾਬਰਾਬਰੀ ਸੂਚਕਾਂਕ ਵਿੱਚ ਭਾਰਤ 108ਵੇਂ ਸਥਾਨ 'ਤੇ ਹੈ। ਇਹ ਪਿਛਲੇ ਸਾਲ ਵੀ ਇਸੇ ਸਥਾਨ ਉੱਤੇ ਸੀ। ਡਬਲਯੂ ਈ ਐਫ ਨੇ ਸਾਲਾਨਾ ਰਿਪੋਰਟ ਵਿੱਚ 149 ਦੇਸ਼ਾਂ ਵਿੱਚ ਇਸਤਰੀ ਮਰਦ ਦੇ ਵਿਚਾਲੇ ਚਾਰ ਖੇਤਰਾਂ ਵਿੱਚ ਮੌਜੂਦ ਨਾ-ਬਰਾਬਰੀਆਂ ਦਾ ਜ਼ਿਕਰ ਕੀਤਾ ਹੈ। ਇਹ ਖੇਤਰ ਸਿੱਖਿਆ ਸਿਹਤ, ਆਰਥਿਕ ਮੌਕੇ ਅਤੇ ਰਾਜਨੀਤਕ ਸਸ਼ਕਤੀਕਰਨ ਹੈ।










# ਆਈ ਏ ਐਸ ਅਫਸਰ ਦੇ ਸਹੁਰੇ ਦਾ ਕਤਲ ਕਰਨ ਵਾਲੇ ਫੜੇ ਗਏ



ਪਟਿਆਲਾ, 19 ਦਸੰਬਰ (ਪੋਸਟ ਬਿਊਰੋ)- ਰਾਜਪੁਰਾ ਨੇੜੇ ਕਰੀਬ ਇੱਕ ਮਹੀਨਾ ਪਹਿਲਾਂ ਕਤਲ ਕੀਤੇ ਗਏ ਸਵਰਨ ਸਿੰਘ ਵਾਸੀ ਉਕਸੀ ਸੈਣੀਆਂ, ਜੋ ਆਈ ਏ ਐਸ ਅਧਿਕਾਰੀ ਵਰੁਣ ਰੂਜ਼ਮ ਦੇ ਸਹੁਰੇ ਸਨ, ਦੇ ਕਤਲ ਦੀ ਗੁੱਥੀ ਸੁਲਝਾ ਕੇ ਪਟਿਆਲਾ ਪੁਲਸ ਨੇ ਤਿੰਨ ਜਣਿਆਂ ਨੂੰ ਫੜ ਲਿਆ ਤੇ ਇਕ ਹੋਰ ਦੀ ਤਲਾਸ਼ ਜਾਰੀ ਹੈ। ਇਹ ਕਤਲ ਸਵਰਨ ਸਿੰਘ ਦੇ ਇਕ ਜਾਣਕਾਰ ਨੇ 45 ਲੱਖ ਰੁਪਏ ਦੀ ਸੁਪਾਰੀ 'ਤੇ ਕਰਵਾਇਆ ਸੀ, ਕਿਉਂਕਿ ਉਹ ਜ਼ਮੀਨ ਦੇ ਸੌਦੇ ਵਿੱਚ ਸਵਰਨ ਅਤੇ ਉਸ ਦੇ ਇਕ ਰਿਸ਼ਤੇਦਾਰ ਨਾਲ ਮਾਰੀ ਕਰੋੜਾਂ ਰੁਪਏ ਦੀ ਠੱਗੀ ਦਾ ਭੇਤ ਖੁੱਲ੍ਹਣ ਤੋਂ ਡਰਦਾ ਸੀ।

